ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ    ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਸ਼ੁੱਕਰਵਾਰ 20 ਜੂਨ 2025 • ਸਾਲ 1 • ਅੰਕ 77 • ਪੰਨੇ 8 • Daily online PANJ AAB Newspaper • Germany & India • www.5aab.media

## ਪੁਣੇ 'ਚ ਵੱਡਾ ਸੜਕ ਹਾਦਸਾ, ਕਾਰ ਤੇ ਟਰੱਕ ਦੀ ਟੱਕਰ 'ਚ 7 ਲੋਕਾਂ ਦੀ ਮੌਤ



**ਨਵੀਂ ਦਿੱਲੀ :** ਮਹਾਰਾਸ਼ਟਰ ਦੇ ਪੁਣੇ ਵਿੱਚ ਬੁੱਧਵਾਰ ਰਾਤ ਨੂੰ ਇੱਕ ਵੱਡਾ ਹਾਦਸਾ ਵਾਪਰਿਆ। ਇੱਥੇ ਜੇਜੂਰੀ ਮੋਰਗਾਓਂ ਰੋਡ 'ਤੇ, ਇੱਕ ਤੇਜ਼ ਰਫ਼ਤਾਰ ਸੇਡਾਨ ਅਤੇ ਇੱਕ ਪਿਕਅੱਪ ਟਰੱਕ ਦੀ ਟੱਕਰ ਹੋ ਗਈ ਅਤੇ ਇਸ ਹਾਦਸੇ ਵਿੱਚ 7 ਲੋਕਾਂ ਦੀ ਮੌਤ ਹੋ ਗਈ। ਪੁਣੇ ਦਿਹਾਤੀ ਦੇ ਐਸਪੀ ਸੰਦੀਪ ਸਿੰਘ ਗਿੱਲ ਨੇ ਇਸ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ, ਰਾਏਗੜ੍ਹ ਤੋਂ ਪੁਣੇ ਜਾ ਰਹੀ ਇੱਕ ਪੁਲਿਸ ਗੱਡੀ 160 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਮੁੰਬਈ-ਪੁਣੇ ਐਕਸਪ੍ਰੈਸਵੇਅ 'ਤੇ ਪਲਟ ਗਈ। ਇਸ ਵਿੱਚ 19 ਪੁਲਿਸ ਕਰਮਚਾਰੀ ਅਤੇ 12 ਬੰਗਲਾਦੇਸ਼ੀ ਨਾਗਰਿਕ ਜ਼ਖਮੀ ਹੋ ਗਏ। ਇਹ ਬੰਗਲਾਦੇਸ਼ੀ ਮੁੰਬਈ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਸਨ ਅਤੇ ਉਨ੍ਹਾਂ ਨੂੰ ਪੁਣੇ ਹਵਾਈ ਅੱਡੇ ਤੋਂ ਡਿਪੋਰਟ ਕੀਤਾ ਜਾਣਾ ਸੀ।

## ਹਸਪਤਾਲ 'ਤੇ ਹਮਲੇ ਤੋਂ ਬੋਖਲਾਇਆ ਇਜ਼ਰਾਈਲ

ਰੱਖਿਆ ਮੰਤਰੀ ਨੇ ਐਲਾਨ ਕੀਤਾ - ਹੁਣ ਅਸੀਂ ਖਾਮੇਨੇਈ ਨੂੰ ਮਾਰਾਂਗੇ



**ਈਰਾਨ।** ਮੱਧ ਇਜ਼ਰਾਈਲ ਦੇ ਬੀਅਰਸ਼ੇਬਾ ਹਸਪਤਾਲ 'ਤੇ ਈਰਾਨੀ ਹਮਲੇ ਤੋਂ ਬਾਅਦ, ਰੱਖਿਆ ਮੰਤਰੀ ਕਾਟਜ਼ ਨੇ ਇੱਕ ਵੱਡਾ ਐਲਾਨ ਕੀਤਾ ਹੈ। ਕਾਟਜ਼ ਨੇ ਕਿਹਾ ਹੈ ਕਿ ਹੁਣ ਈਰਾਨ ਦੇ ਸੁਪਰੀਮ ਲੀਡਰ ਅਲੀ ਖਾਮੇਨੇਈ ਨੂੰ ਮਾਰ ਦਿੱਤਾ ਜਾਵੇਗਾ। ਕਾਟਜ਼ ਦਾ ਇਹ ਬਿਆਨ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵੱਲੋਂ ਬਦਲਾ ਲੈਣ ਦੀ ਸਹੁੰ ਖਾਣ ਤੋਂ ਥੋੜ੍ਹੀ ਦੇਰ ਬਾਅਦ ਆਇਆ ਹੈ।

ਦ ਯਰੂਸ਼ਲਮ ਪੋਸਟ ਦੇ ਅਨੁਸਾਰ, ਇਜ਼ਰਾਈਲ ਦੇ ਰੱਖਿਆ ਮੰਤਰੀ ਕਾਟਜ਼ ਨੇ ਕਿਹਾ ਹੈ ਕਿ ਹਸਪਤਾਲ 'ਤੇ ਹਮਲੇ ਲਈ ਖਾਮੇਨੇਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ, ਇਸ ਲਈ ਅਸੀਂ ਹੁਣ ਉਨ੍ਹਾਂ ਨੂੰ ਸਿੱਧਾ ਨਿਸ਼ਾਨਾ ਬਣਾਵਾਂਗੇ। ਇਹ ਇੱਕ ਜੰਗੀ ਅਪਰਾਧ ਹੈ, ਜਿਸ ਲਈ ਖਾਮੇਨੇਈ ਨੂੰ ਸਜ਼ਾ ਦਿੱਤੀ ਜਾਵੇਗੀ। ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਈਰਾਨ (ਬਾਕੀ 2 ਤੇ)

## Mohali Bestech Mall 'ਚ ਸਥਿਤ ਕਲੱਬ 'ਚ ਚੱਲੀਆਂ ਗੋਲੀਆਂ

**ਮੋਹਾਲੀ।** ਚੰਡੀਗੜ੍ਹ ਦੇ ਨਾਲ ਲੱਗਦੇ ਮੋਹਾਲੀ ਦੇ 11ਵੇਂ ਫੇਜ਼ ਬੈਸਟੇਕ ਮਾਲ ਵਿੱਚ ਸਥਿਤ ਇੱਕ ਕਲੱਬ ਵਿੱਚ ਦੇਰ ਰਾਤ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਿਕ ਰਾਜਸਥਾਨ ਤੋਂ ਆਏ ਇੱਕ ਨੌਜਵਾਨ ਨੂੰ ਗੋਲੀ ਲੱਗੀ ਹੈ। ਜਿਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਇਹ ਪੂਰੀ ਘਟਨਾ ਦੁਪਹਿਰ 2:00 ਵਜੇ ਦੇ ਕਰੀਬ ਵਾਪਰੀ। ਜਿੱਥੇ ਰਾਜਸਥਾਨ ਤੋਂ 5 ਤੋਂ 6 ਨੌਜਵਾਨ ਕਲੱਬ ਵਿੱਚ ਮੌਜ-ਮਸਤੀ ਕਰਨ ਆਏ ਸਨ। ਪਹਿਲਾਂ ਉਨ੍ਹਾਂ ਦੀ ਕਲੱਬ ਦੇ ਇੱਕ (ਬਾਕੀ 2 ਤੇ)

# ਯੋਗਮਈ ਹੋਇਆ ਜਲੰਧਰ, 21000 ਤੋਂ ਜ਼ਿਆਦਾ ਰਿਕਾਰਡ ਇਕੱਠ

### ਸਿਹਤ ਮੰਤਰੀ ਵੱਲੋਂ ਯੋਗ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ



ਕਿਹਾ , ਸਰੀਰਕ ਤੇ ਮਾਨਸਿਕ ਤੰਦਰੁਸਤੀ ਯਕੀਨੀ ਬਣਾਉਣ ਲਈ ਯੋਗ ਜ਼ਰੂਰੀ



**ਜਲੰਧਰ (ਬਾਠ)**

**ਜਲੰਧਰ** ਸ਼ਹਿਰ ਵਿੱਚ ਅੱਜ ਯੋਗ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। 21,000 ਤੋਂ ਵੱਧ ਯੋਗਾ ਪ੍ਰੇਮੀਆਂ ਨੇ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਵਿੱਚ ਹਿੱਸਾ ਲਿਆ, ਜੋ ਕਿ ਯੋਗ ਸਬੰਧੀ ਇਕ ਹੀ ਪ੍ਰੋਗਰਾਮ ਵਿੱਚ ਲੋਕਾਂ ਦੀ ਮੌਜੂਦਗੀ ਦਾ ਇੱਕ ਨਵਾਂ ਰਿਕਾਰਡ ਹੈ। ਸਮਾਗਮ ਵਿੱਚ 17,000 ਯੋਗ ਮੈਟਸ ਦਾ ਪ੍ਰਬੰਧ ਕੀਤਾ ਗਿਆ ਸੀ, ਪਰ ਲੋਕਾਂ ਦੇ ਭਰਵੇਂ ਹੁੰਗਾਰੇ ਸਦਕਾ ਜਨਤਕ ਸ਼ਮੂਲੀਅਤ ਦਾ ਅੰਕੜਾ ਸਭ ਦੀਆਂ ਉਮੀਦਾਂ ਨੂੰ ਪਾਰ ਕਰ ਗਿਆ।ਸਿਹਤਮੰਦ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵੀਰਵਾਰ ਨੂੰ ਲੋਕਾਂ ਨੂੰ ਯੋਗ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ ਦਿੱਤਾ।


ਪੀ.ਏ.ਪੀ. ਗਰਾਊਂਡ ਵਿਖੇ ਰਾਜ ਪੱਧਰੀ 'ਸੀ.ਐਮ. ਦੀ ਯੋਗਸ਼ਾਲਾ' ਸਮਾਗਮ ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਇਸ ਵਿਸ਼ਾਲ ਸਮਾਗਮ ਵਿੱਚ ਹਰ ਵਰਗ ਦੇ ਲੋਕਾਂ ਨੂੰ ਉਤਸ਼ਾਹ ਨਾਲ ਹਿੱਸਾ ਲੈਂਦੇ ਦੇਖਣਾ ਬਹੁਤ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ 'ਸੀ.ਐਮ. ਦੀ ਯੋਗਸ਼ਾਲਾ' ਸਿਹਤਮੰਦ ਅਤੇ ਵਧੇਰੇ ਊਰਜਾਵਾਨ ਪੰਜਾਬ ਦੇ ਨਿਰਮਾਣ ਦੀ ਦਿਸ਼ਾ ਵਿੱਚ ਇੱਕ ਕਦਮ ਹੈ। ਡਾ. ਬਲਬੀਰ ਸਿੰਘ ਨੇ ਇਸ ਗੱਲ 'ਤੇ ਮਾਣ ਪ੍ਰਗਟ ਕੀਤਾ ਕਿ ਹਜ਼ਾਰਾਂ ਪੰਜਾਬੀ ਇਸ ਨੇਕ ਕਾਰਜ ਵਿੱਚ ਸੂਬਾ ਸਰਕਾਰ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਇੱਕ ਸਿਹਤਮੰਦ ਅਤੇ ਰੰਗਲੇ ਪੰਜਾਬ ਵਜੋਂ ਆਪਣੀ ਪੁਰਾਣੀ ਸ਼ਾਨ ਮੁੜ ਹਾਸਲ ਕਰੇਗਾ।

ਡਾ. ਬਲਬੀਰ ਸਿੰਘ, ਜਿਨ੍ਹਾਂ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਮੌਜੂਦ ਸਨ, ਨੇ ਕਿਹਾ ਕਿ ਉਨ੍ਹਾਂ ਨੂੰ ਸੀ.ਐਮ. ਦੀ ਯੋਗਸ਼ਾਲਾ ਦੇ ਮਾਧਿਅਮ ਨਾਲ ਹਜ਼ਾਰਾਂ ਲੋਕਾਂ ਨੂੰ ਸਰਕਾਰ ਨਾਲ ਜੁੜਦੇ ਦੇਖ ਕੇ ਬਹੁਤ ਖੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਦੋ ਸਾਲ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਜਲੰਧਰ ਤੋਂ ਸ਼ੁਰੂ ਕੀਤੀ ਗਈ ਸੀ ਅਤੇ ਮੌਜੂਦਾ ਸਮੇਂ ਸੂਬੇ ਭਰ ਵਿੱਚ ਰੋਜ਼ਾਨਾ ਲਗਭਗ 3,200 ਯੋਗਾ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਨ੍ਹਾਂ ਰਾਹੀਂ ਕਰੀਬ ਇੱਕ ਲੱਖ ਲੋਕ ਲਾਭ ਪ੍ਰਾਪਤ ਕਰ ਰਹੇ ਹਨ। ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਯੋਗ ਸਿਖਾਉਣ ਲਈ ਸਿਖ਼ਲਾਈ ਪ੍ਰਾਪਤ ਯੋਗਾ ਇੰਸਟ?ਰਕਟਰ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਪੰਜਾਬ ਨੂੰ ਸਿਹਤਮੰਦ ਸੂਬਾ ਬਣਾਉਣ ਲਈ ਸਭ ਨੂੰ ਤੰਦਰੁਸਤ ਅਤੇ ਫਿੱਟ ਰਹਿਣ ਲਈ ਯੋਗ ਨੂੰ ਆਪਣੇ ਜੀਵਨ ਵਿੱਚ ਸ਼ਾਮਲ ਕਰਨ ਦੀ ਅਪੀਲ ਕੀਤੀ।

ਯੋਗ ਨੂੰ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਵਰਦਾਨ ਦੱਸਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਯੋਗਸ਼ਾਲਾਵਾਂ ਪੰਜਾਬੀਆਂ ਨੂੰ ਸਿਹਤਮੰਦ ਜੀਵਨ ਜਿਊਣ ਵਿੱਚ ਮਦਦ ਕਰ (ਬਾਕੀ 2 ਤੇ)

## ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਵੱਡਾ ਬਿਆਨ

## 'ਆਉਣ ਵਾਲੇ ਸਮੇਂ ਵਿੱਚ ਅੰਗਰੇਜ਼ੀ ਬੋਲਣ ਵਾਲਿਆਂ ਨੂੰ ਆਵੇਗੀ ਸ਼ਰਮ'



**ਨਵੀਂ ਦਿੱਲੀ** - ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਾਰਤੀ ਭਾਸ਼ਾਵਾਂ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਵੀਰਵਾਰ ਨੂੰ ਕਿਹਾ ਕਿ ਭਾਰਤ ਦੀ ਭਾਸ਼ਾਈ ਵਿਰਾਸਤ ਨੂੰ ਮੁੜ ਪ੍ਰਾਪਤ ਕਰਨ ਅਤੇ ਮਾਤ ਭਾਸ਼ਾਵਾਂ 'ਤੇ ਮਾਣ ਕਰਨ ਨਾਲ ਦੁਨੀਆ ਦੀ ਅਗਵਾਈ ਕਰਨ ਦਾ ਸਮਾਂ ਆ ਗਿਆ ਹੈ। ਇੱਕ ਕਿਤਾਬ ਰਿਲੀਜ਼ ਸਮਾਗਮ ਵਿੱਚ ਬੋਲਦਿਆਂ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ, 'ਇਸ ਦੇਸ਼ ਵਿੱਚ ਅੰਗਰੇਜ਼ੀ ਬੋਲਣ ਵਾਲੇ ਜਲਦੀ ਹੀ ਸ਼ਰਮ ਮਹਿਸੂਸ ਕਰਨਗੇ। ਅਜਿਹੇ ਸਮਾਜ ਦੀ ਸਿਰਜਣਾ ਦੂਰ ਨਹੀਂ ਹੈ। ਸਿਰਫ਼ ਦ੍ਰਿੜ ਇਰਾਦੇ ਵਾਲੇ ਹੀ ਬਦਲਾਅ ਲਿਆ ਸਕਦੇ ਹਨ। ਮੇਰਾ ਮੰਨਣਾ ਹੈ ਕਿ ਭਾਸ਼ਾਵਾਂ ਸਾਡੀ ਸੰਸਕ੍ਰਿਤੀ ਦੇ ਗਹਿਣੇ ਹਨ। (ਬਾਕੀ 2 ਤੇ)

## ਪਟਿਆਲਾ ਪੁਲਿਸ ਦੀ ਵੱਡੀ ਕਾਰਵਾਈ

# ਲਾਰੈਂਸ ਬਿਸ਼ਨੋਈ ਗੈਂਗ ਦੇ 5 ਗੁਰਗੇ ਕੀਤੇ ਕਾਬੂ

### 30 ਤੇ 32 ਬੋਰ ਦੇ 3-3 ਪਿਸਟਲ, 315 ਬੋਰ ਦੇ 1 ਦੇਸੀ ਕੱਟੇ ਸਮੇਤ 10 ਮੈਗਜੀਨ ਤੇ 11 ਜਿੰਦਾ ਕਾਰਤੂਸ ਬਰਾਮਦ



**ਪਟਿਆਲਾ** - ਪਟਿਆਲਾ ਪੁਲਿਸ ਨੇ ਮੁਸਤੈਦੀ ਵਰਤਦਿਆਂ ਲਾਰੈਂਸ ਬਿਸ਼ਨੋਈ ਗੈਂਗ ਦੇ 5 ਗੁਰਗਿਆਂ ਨੂੰ 30 ਤੇ 32 ਬੋਰ ਦੇ 3-3 ਪਿਸਟਲ, 315 ਬੋਰ ਦਾ ਇੱਕ ਦੇਸੀ ਕੱਟਾ ਅਤੇ 10 ਮੈਗਜੀਨ ਸਮੇਤ 11 ਜਿੰਦਾ ਕਾਰਤੂਸ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸਰਮਾ ਨੇ ਅੱਜ ਇੱਥੇ ਪੁਲਿਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਦੱਸਿਆ ਕਿ ਪੈਸੇ ਲਈ ਅਪਰਾਧ ਜਗਤ ਨਾਲ ਜੁੜੇ ਇਨ੍ਹਾਂ ਨੌਜਵਾਨਾਂ ਦੀ ਪਛਾਣ ਤੇਜਿੰਦਰ ਸਿੰਘ ਉਰਫ ਫ਼ੌਜੀ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਦੌਣ ਕਲਾਂ, ਰਾਹੁਲ ਕੱਦੂ ਪੁੱਤਰ ਮਹੀਪਾਲ ਸਿੰਘ ਵਾਸੀ ਪਿੰਡ ਬੜਾਉਆ ਜ਼ਿਲ੍ਹਾ ਵਧਾਈਆ ਯੂ.ਪੀ. ਹਾਲ ਵਾਸੀ ਨੇੜੇ ਬਾਬਾ ਭਵਾਤ ਰੋਡ ਮੋਹਾਲੀ ਜੀਰਕਪੁਰ, ਵਿਪਲ ਕੁਮਾਰ ਬਿੱਟੂ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਰਾਮਨਗਰ ਮੇਰਠ ਯੂ.ਪੀ., ਸੁਖਚੈਨ ਸਿੰਘ ਉਰਫ ਸੁੱਖੀ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਸਿਆਲੂ ਘਨੌਰ, ਦੇਵ ਕਰਨ ਪੁੱਤਰ ਮਨੋਜ ਖੰਡੇਵਾਲ ਵਾਸੀ ਪਿੰਡ ਕਲਿਆਣਪੁਰ ਮੇਰਠ ਯੂ.ਪੀ ਵਜੋਂ ਹੋਈ, ਜਿਹੜੇ ਕੇ ਸੁਪਾਰੀ ਲੈ ਕੇ ਕਤਲ ਤੇ ਹੋਰ ਸੰਗੀਨ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਐਸ.ਐਸ.ਪੀ. ਨੇ ਦੱਸਿਆ ਕਿ ਬਰਾਮਦ ਹੋਏ ਨਜਾਇਜ਼ ਹਥਿਆਰਾਂ ਦੀ ਵੀ ਉਨ੍ਹਾਂ ਦੀ ਫੈਕਟਰੀ ਤੱਕ ਜਾ ਕੇ ਗੰਭੀਰਤਾ ਨਾਲ ਪੜਤਾਲ ਕੀਤੀ ਜਾਵੇਗੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਐਸ.ਪੀ. ਪੀ.ਬੀ.ਆਈ. ਸਵਰਨਜੀਤ ਕੌਰ ਤੇ ਐਸ.ਪੀ ਸਿਟੀ ਪਲਵਿੰਦਰ ਸਿੰਘ ਚੀਮਾ ਦੀ ਅਗਵਾਈ ਹੇਠ ਡੀ.ਐਸ.ਪੀ. ਸਰਕਲ ਦਿਹਾਤੀ ਦੀ ਨਿਗਰਾਨੀ ਹੇਠ ਥਾਣਾ ਸਦਰ ਪਟਿਆਲਾ ਦੇ ਮੁਖੀ ਇੰਸਪੈਕਰ ਅੰਮ੍ਰਿਤਵੀਰ ਸਿੰਘ ਦੀ ਟੀਮ ਦੇ ਮੈਂਬਰ ਤੇ ਚੌਂਕੀ ਬਹਾਦਰਗੜ੍ਹ ਦੇ ਇੰਚਾਰਜ ਏ.ਐਸ.ਆਈ. ਹਰਦੀਪ ਸਿੰਘ ਦੀ ਪੁਲਿਸ ਪਾਰਟੀ ਨੇ ਇਹ ਗ੍ਰਿਫ਼ਤਾਰੀਆਂ ਬੀ.ਐਨ.ਐਸ. ਦੀਆਂ ਧਾਰਾਵਾਂ 109, 118(1), 115(2), 191(3), 190, 351(3), (ਬਾਕੀ 2 ਤੇ)

## ਪੰਜਾਬ ਸਮੇਤ 6 ਸੂਬਿਆਂ 'ਚ ED ਦੀ ਰੇਡ

**ਚੰਡੀਗੜ।** ਪੰਜਾਬ ਸਮੇਤ ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ ਤੇ ਮਹਾਰਾਸ਼ਟਰ 'ਚ 15 ਤੋਂ ਜ਼ਿਆਦਾ ਥਾਂਵਾ 'ਤੇ ਚੱਲ ਰਹੀ ਈਡੀ ਦੀ ਰੇਡ ਖ਼ਤਮ ਹੋ ਗਈ ਹੈ। ਈਡੀ ਨੇ ਛਾਪੇਮਾਰੀ ਦੌਰਾਨ ਅਹਿਮ ਦਸਤਾਵੇਜ਼ ਸਮੇਤ ਹੋਰ ਕਈ ਚੀਜ਼ਾਂ ਕਬਜ਼ੇ 'ਚ ਲਈਆਂ। ਈਡੀ ਨੇ ਇਹ ਕਾਰਵਾਈ ਪੰਜਾਬ ਦੇ ਮੈਡਿਕਲ ਨਸ਼ਾ ਤਸਕਰੀ ਕੇਸ 'ਚ ਕੀਤੀ। ਈਡੀ ਵੱਲੋਂ ਸਾਂਝਾ ਕੀਤੀ ਗਈ ਜਾਣਕਾਰੀ ਅਨੁਸਾਰ ਡਰੱਗ ਤਸਕਰੀ ਸਿੰਡੀਕੇਟ ਨਾਲ ਜੁੜੀ ਮਨੀ ਲਾਂਡਰਿੰਗ ਜਾਂਚ ਤਹਿਤ 6 ਸੂਬਿਆਂ 'ਚ ਇਕੱਠੀ ਛਾਪੇਮਾਰੀ ਕੀਤੀ ਗਈ। ਇਹ ਰੇਡ ਕਰੀਬ 24 ਘੰਟਿਆਂ ਤੱਕ ਚੱਲੀ। ਇਸ ਰੇਡ ਦੇ ਖ਼ਤਮ ਹੋਣ ਤੋਂ ਬਾਅਦ ਈਡੀ ਨੇ ਜਾਣਕਾਰੀ ਦਿੱਤੀ। ਦੱਸ ਦੇਈਏ ਕਿ 2024 'ਚ ਪੰਜਾਬ ਪੁਲਿਸ ਵੱਲੋਂ ਦਰਜ ਕੀਤੇ ਗਏ ਮਾਮਲੇ ਨੂੰ ਈਡੀ ਜਲੰਧਰ ਨੇ ਟੇਕਓਵਰ ਕਰ ਲਿਆ ਸੀ, ਜਿਸਦੀ ਜਾਂਚ (ਬਾਕੀ 2 ਤੇ)









# ਲੁਧਿਆਣਾ ਪੱਛਮੀ ਸੀਟ ਲਈ ਸ਼ਾਮ 7 ਵਜੇ ਤੱਕ ਲਗਭਗ 51.33% ਵੋਟਿੰਗ ਦਰਜ: ਸਿਬਿਨ ਸੀ

**ਚੰਡੀਗੜ੍ਹ** - ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਦੀ ਜ਼ਿਮਨੀ ਚੋਣ ਲਈ ਅੱਜ ਵੋਟਿੰਗ ਹੋਈ। ਵੋਟਿੰਗ ਆਪਣੇ ਨਿਰਧਾਰਤ ਸਮੇਂ ਅਨੁਸਾਰ ਸਵੇਰੇ 7 ਵਜੇ ਸ਼ੁਰੂ ਹੋਈ ਅਤੇ ਸ਼ਾਂਤੀਪੂਰਨ ਤੇ ਸੁਚਾਰੂ ਢੰਗ ਨਾਲ ਨੇਪਰੇ ਚੜ੍ਹੀ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਸ਼ਾਮ 7:00 ਵਜੇ ਤੱਕ ਅਪਲੋਡ ਕੀਤੇ ਗਏ ਡਾਟਾ ਦੇ ਅਨੁਸਾਰ ਵੋਟਰ ਮਤਦਾਨ ਲਗਭਗ 51.33% ਹੈ। ਇੱਕ ਨਵੀਂ ਪਹਿਲਕਦਮੀ ਦੇ ਹਿੱਸੇ ਵਜੋਂ ਪੋਲਿੰਗ ਡਾਟਾ ਪੋਲਿੰਗ ਸਟੇਸ਼ਨ 'ਤੇ ਪ੍ਰੀਜ਼ਾਈਡਿੰਗ ਅਧਿਕਾਰੀਆਂ ਦੁਆਰਾ ਈਸੀਆਈ ਨੈੱਟ ਐਪ 'ਤੇ ਅਪਲੋਡ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਵੋਟਿੰਗ ਪ੍ਰਤੀਸ਼ਤਤਾ ਦੇ ਰੁਝਾਨ ਅਨੁਮਾਨਤ ਹਨ। ਚੋਣ ਸੰਚਾਲਨ ਨਿਯਮ, 1961 ਦੇ ਨਿਯਮ 49 ਐੱਸ ਦੇ ਤਹਿਤ, ਪ੍ਰੀਜ਼ਾਈਡਿੰਗ ਅਧਿਕਾਰੀਆਂ ਨੇ ਫਾਰਮ 17ਸੀ, ਜਿਸ 'ਚ ਵੋਟਾਂ ਦੀ ਅਸਲੀ ਗਿਣਤੀ ਦਰਜ ਹੁੰਦੀ ਹੈ, ਉਹ ਉਨ੍ਹਾਂ ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਨੂੰ ਦਿੱਤਾ ਗਿਆ ਜੋ ਵੋਟਿੰਗ ਖਤਮ ਹੋਣ ਵੇਲੇ ਪੋਲਿੰਗ ਬੂਥਾਂ 'ਤੇ ਮੌਜੂਦ ਸਨ।

ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹਰੇਕ ਪੋਲਿੰਗ ਬੂਥ 'ਤੇ ਈਵੀਐਮ ਮਸ਼ੀਨਾਂ 'ਤੇ ਇੱਕ ਮੌਕ ਡ੍ਰਿਲ ਕਰਵਾਈ, ਜੋ ਕਿ ਉਮੀਦਵਾਰਾਂ ਵੱਲੋਂ ਨਿਯੁਕਤ ਕੀਤੇ ਗਏ 578 ਏਜੰਟਾਂ ਦੀ ਮੌਜੂਦਗੀ ਵਿੱਚ ਹੋਈ। ਜ਼ਿਮਨੀ ਚੋਣਾਂ ਲਈ, ਚੋਣ ਕਮਿਸ਼ਨ ਨੇ 1 ਅਪ੍ਰੈਲ 2025 ਨੂੰ ਯੋਗਤਾ ਮਿਤੀ ਦੇ ਤੌਰ 'ਤੇ ਵੋਟਰ ਸੂਚੀ ਦੀ ਵਿਸ਼ੇਸ਼ ਸੰਖੇਪ ਸੋਧ ਦਿੱਤੀ ਸੀ। ਵੋਟਰ ਸੂਚੀਆਂ ਦਾ ਡਰਾਫਟ ਪ੍ਰਕਾਸ਼ਨ 09-04-2025 ਨੂੰ ਕੀਤਾ ਗਿਆ ਸੀ ਅਤੇ ਇਸਦੀ ਇੱਕ ਕਾਪੀ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਸਾਂਝੀ ਕੀਤੀ ਗਈ ਸੀ। 192 ਪੋਲਿੰਗ ਬੂਥ ਪੱਧਰ 'ਤੇ ਬੀਐੱਲਓਜ਼ ਨੇ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਕਿ ਸੂਚੀਆਂ (ਬਾਕੀ 2 ਤੇ)

## ਕੈਬਨਿਟ ਮੰਤਰੀ ਬਲਬੀਰ ਸਿੰਘ ਨੇ ਕੀਤਾ ਦਾਅਵਾ

## ਲੁਧਿਆਣਾ ਵੈਸਟ 'ਚ 'ਆਪ' ਦੀ ਹੋਵੇਗੀ ਜਿੱਤ



**ਲੁਧਿਆਣਾ।** ਪੰਜਾਬ ਦੇ ਸਿਹਤ ਮੰਤਰੀ ਬਲਵੀਰ ਸਿੰਘ ਅੱਜ ਹੁਸ਼ਿਆਰਪੁਰ ਪਹੁੰਚ ਗਏ ਹਨ। ਗੱਲਬਾਤ ਦੌਰਾਨ, ਉਸਨੇ ਲੁਧਿਆਣਾ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਈ ਭਾਰੀ ਜਿੱਤ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕੀਤੇ (ਬਾਕੀ 2 ਤੇ)

# ਮੁਫ਼ਤ ਦੇਣ ਦੇ ਦਾਅਵੇ ਕਰਨ ਵਾਲੀ ਸਰਕਾਰ 24 ਘੰਟੇ ਬਿਜਲੀ ਦੇਣ 'ਚ ਅਸਫ਼ਲ : ਅਰਵਿੰਦ ਖੰਨਾ

## ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਪੰਜਾਬੀ ਕਰ ਰਹੇ ਨੇ ਤਰਾਹ-ਤਰਾਹ: ਖੰਨਾ



**ਚੰਡੀਗੜ੍ਹ** - ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬੀਆਂ ਨੂੰ ਮੁਫ਼ਤ ਬਿਜਲੀ ਦੇਣ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ 24 ਘੰਟੇ ਨਿਰੰਤਰ ਬਿਜਲੀ ਦੇਣ ਵਿੱਚ ਅਸਫ਼ਲ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼?ਰੀ ਖੰਨਾ ਨੇ ਕਿਹਾ ਕਿ ਅੰਤਾਂ ਦੀ ਪੈ ਰਹੀ ਗਰਮੀਂ ਵਿੱਚ ਲੱਗ ਰਹੇ ਬਿਜਲੀ ਕੱਟਾਂ ਕਾਰਨ ਸੂਬੇ ਦੇ ਲੋਕ ਤਰਾਹ-ਤਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਦੇ-ਪੁੱਜਦੇ ਲੋਕ ਤਾਂ ਬੇਸ਼ੱਕ ਜਰਨੇਟਰਾਂ ਦਾ ਸਹਾਰਾ ਲੈ ਕੇ ਬਿਜਲੀ ਕੱਟਾਂ ਦਾ ਹੱਲ ਕਰ ਰਹੇ ਹਨ ਪਰ ਆਮ ਲੋਕਾਂ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਬਣੀ ਹੋਈ ਹੈ।

ਉਨ੍ਹਾਂ ਕਿਹਾ ਕਿ ਝੋਨੇ ਦੀ ਬਿਜਾਈ ਦਾ ਸੀਜਨ ਹੋਣ ਦੇ ਬਾਵਜੂਦ ਸਰਕਾਰ ਦਾ 24 ਘੰਟੇ ਬਿਜਲੀ ਨਿਰੰਤਰ ਦੇਣ ਵੱਲ ਕੋਈ ਧਿਆਨ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਸਥਿਤੀ ਬਣੀ ਰਹੀ ਤਾਂ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਡੀਜਲ ਫੂਕ ਕੇ ਝੋਨੇ ਦੀ ਬਿਜਾਈ ਕਰਨੀ ਪਵੇਗੀ। ਜਿਸ ਕਾਰਨ ਪਹਿਲਾਂ ਤੋਂ ਹੀ ਮਾੜੀ ਆਰਥਿਕਤਾ ਨਾਲ ਜੂਝ ਰਹੇ ਕਿਸਾਨਾਂ ਦੀ ਹਾਲਤ ਹੋਰ ਵੀ ਪਤਲੀ ਹੋ ਜਾਵੇਗੀ। ਸ਼?ਰੀ ਖੰਨਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਸ ਸਥਿਤੀ ਵੱਲ ਫੌਰੀ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਝੋਨੇ ਦੀ ਬਿਜਾਈ ਸਮੇਂ ਸਿਰ ਅਤੇ ਸੁਖਾਲੇ ਢੰਗ ਨਾਲ ਹੋ ਸਕੇ।

ਸ਼ਰੀ ਖੰਨਾ ਨੇ ਕਿਹਾ ਕਿ ਇਹ ਪਹਿਲੀ ਸਰਕਾਰ ਹੈ ਜਿਸ ਤੋਂ ਤਿੰਨ ਸਾਲ ਵਿੱਚ ਹੀ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਵੋਟਾਂ ਤੋਂ ਪਹਿਲਾਂ ਇਸ ਪਾਰਟੀ ਨੇ ਜਿੰਨੇ ਵਾਅਦੇ ਕਰਕੇ ਲੋਕਾਂ ਦੀਆਂ ਉਮੀਦਾਂ ਜਗਾਈਆਂ ਸਨ, ਹੁਣ ਉਸ ਤੋਂ ਪੂਰੀ ਤਰ੍ਹਾਂ ਉਲਟ ਹੋ ਗਿਆ ਹੈ ਕਿ ਲੋਕ ਇਸ ਸਰਕਾਰ ਨੂੰ ਚੱਲਦਾ ਕਰਨ ਦੀਆਂ ਤਿਆਰੀਆਂ ਕਰ ਰਹੇ ਹਨ।

# ਡਿਪਟੀ ਕਮਿਸ਼ਨਰ ਵੱਲੋਂ ਮਾਨਸੂਨ ਤੋਂ ਪਹਿਲਾਂ ਧੋਗੜੀ ਰੋਡ ਨੂੰ ਵਾਹਨਾਂ ਦੀ ਆਵਾਜਾਈ ਦੇ ਯੋਗ ਬਣਾਉਣ ਦੇ ਨਿਰਦੇਸ਼

## ਐਸ.ਡੀ.ਐਮ. ਵੱਲੋਂ ਮੌਕੇ ਦਾ ਦੌਰਾ, ਜਲ ਸਪਲਾਈ ਪਾਈਪਲਾਈਨ ਤੇ ਸੜਕੀ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ



**ਜਲੰਧਰ (ਬਾਠ)**


ਆਉਣ ਵਾਲੇ ਮਾਨਸੂਨ ਸੀਜ਼ਨ ਦੌਰਾਨ ਧੋਗੜੀ ਰੋਡ 'ਤੇ ਨਿਰਵਿਘਨ ਆਵਾਜਾਈ ਯਕੀਨੀ ਬਣਾਉਣ ਅਤੇ ਅਸੁਵਿਧਾ ਨੂੰ ਦੂਰ ਕਰਨ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜਲ ਸਪਲਾਈ ਤੇ ਸੀਵਰੇਜ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਨੂੰ ਧੋਗੜੀ ਰੋਡ ਨੂੰ ਬਰਸਾਤ ਤੋਂ ਪਹਿਲਾਂ ਵਾਹਨਾਂ ਦੀ ਆਵਾਜਾਈ ਯੋਗ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਨ੍ਹਾਂ ਹਦਾਇਤਾਂ ਦਾ ਉਦੇਸ਼ ਖਾਸ ਕਰਕੇ ਉਦਯੋਗਾਂ ਨੂੰ ਸੁਵਿਧਾ ਪ੍ਰਦਾਨ ਕਰਨਾ ਹੈ, ਜੋ ਕਿ ਸੁਚਾਰੂ ਸੰਪਰਕ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ।

ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਉਪ ਮੰਡਲ ਮੈਜਿਸਟ?ਰੇਟ (ਐਸ.ਡੀ.ਐਮ.) ਸ਼ਾਇਰੀ ਮਲਹੋਤਰਾ ਨੇ ਵੀਰਵਾਰ ਨੂੰ ਮੌਕੇ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਤੇ ਉਦਯੋਗਾਂ ਦੇ ਪ੍ਰਤੀਨਿਧੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਉਦਯੋਗਿਕ ਇਕਾਈਆਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਮੁੱਦੇ ਖਾਸ ਕਰ ਬਰਸਾਤ ਦੇ ਮੌਸਮ ਦੌਰਾਨ ਸੁਚਾਰੂ ਆਵਾਜਾਈ ਨਾਲ ਸਬੰਧਤ, ਨੂੰ ਹੱਲ ਕਰਨ ਲਈ ਵਚਨਬੱਧ ਹੈ।

ਐਸ.ਡੀ.ਐਮ. ਨੇ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਮਾਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਧੋਗੜੀ ਸੜਕ ਨੂੰ ਪੂਰੀ ਤਰ੍ਹਾਂ ਆਵਾਜਾਈ ਯੋਗ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਸੜਕ ਸਰਫੇਸ ਵਾਟਰ ਪ੍ਰਾਜੈਕਟ ਅਧੀਨ ਪਾਣੀ ਸਪਲਾਈ ਪਾਈਪਲਾਈਨ ਲਈ ਪੁੱਟੀ ਗਈ ਸੀ, ਜੋ ਕਿ ਇਸ ਪਾਈਪਲਾਈਨ ਵਿਛਾਉਣ ਤੋਂ ਬਾਅਦ ਹੁਣ ਨਿਰਮਾਣ ਅਧੀਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਸਬੰਧਤ ਵਿਭਾਗਾਂ ਨੂੰ ਇਸ ਪ੍ਰਾਜੈਕਟ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਧੋਗੜੀ ਰੋਡ ਨੂੰ ਬਾਰਿਸ਼ਾਂ ਤੋਂ ਪਹਿਲਾਂ ਚਾਲੂ ਕੀਤਾ ਜਾ ਸਕੇ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਧਿਕਾਰੀਆਂ ਨੂੰ ਕਨਾਲ ਰੋਡ (ਵਿਕਲਪਿਕ), ਜਿਸ ਦੀ ਵਰਤੋਂ ਲੋਕਾਂ ਵੱਲੋਂ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ, 'ਤੇ ਲੁੱਕ ਵਿਛਾਉਣ (ਪੱਕਾ ਕਰਨ) ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਵੀ ਕਿਹਾ ਗਿਆ ਹੈ।

ਐਸ.ਡੀ.ਐਮ. ਨੇ ਉਦਯੋਗਾਂ ਦੇ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਧੋਗੜੀ ਰੋਡ ਨੂੰ ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਤਰਜੀਹ ਦੇ ਆਧਾਰ 'ਤੇ ਵਾਹਨਾਂ ਦੀ ਆਵਾਜਾਈ ਦੇ ਯੋਗ ਬਣਾਇਆ ਜਾਵੇਗਾ।

# ਅੰਤਰਰਾਸ਼ਟਰੀ ਯੋਗ ਦਿਵਸ 2025 ਤਹਿਤ ਮਾਡਲ ਜੇਲ੍ਹ ਚੰਡੀਗੜ੍ਹ ਵਿਖੇ ਆਊਟਡੋਰ ਯੋਗਾ ਸੈਸ਼ਨ ਦਾ ਆਯੋਜਨ ਕੀਤਾ ਗਿਆ



**ਮੋਹਾਲੀ - ( ਅਸ਼ੋਕ ਜੋਸ਼ੀ )-**

11ਵੇਂ ਅੰਤਰਰਾਸ਼ਟਰੀ ਯੋਗਾ ਦਿਵਸ 2025 ਨੂੰ ਮਨਾਉਣ ਲਈ ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ, ਪੰਚਕੂਲਾ (ਆਯੁਸ਼ ਮੰਤਰਾਲਾ, ਭਾਰਤ ਸਰਕਾਰ) ਵੱਲੋਂ ਜਨ ਜਾਗਰੂਕਤਾ ਪੈਦਾ ਕਰਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮਾਡਲ ਜੇਲ੍ਹ ਚੰਡੀਗੜ੍ਹ ਵਿਖੇ ਇੱਕ ਵਿਸ਼ੇਸ਼ ਆਊਟਡੋਰ ਯੋਗਾ ਅਭਿਆਸ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਬੁੱਧਵਾਰ, 18 ਜੂਨ, 2025 ਨੂੰ ÷ਯੋਗਾ ਟੂ ਹੀਲ, ਟੂ ਚੇਂਜ ਲਾਇਵਜ÷ ਦੀ ਭਾਵਨਾ ਤਹਿਤ ਆਯੋਜਿਤ ਕੀਤਾ ਗਿਆ ਸੀ।

ਇਸ ਸਾਲ ਦੀ ਥੀਮ "ਇਕ ਧਰਤੀ, ਇੱਕ ਸਿਹਤ ਲਈ ਯੋਗਾ"ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਸੈਸ਼ਨ ਵਿੱਚ ਸਰੀਰਕ ਅਤੇ ਮਾਨਸਿਕ ਸਿਹਤ ਜਾਗਰੂਕਤਾ 'ਤੇ ਵਿਸ਼ੇਸ਼ ਜ਼ੋਰ ਦੇਣ ਦੇ ਨਾਲ ਸਾਂਝੇ ਯੋਗ ਪ੍ਰੋਟੋਕੋਲ ਦੇ ਅਨੁਸਾਰ ਜੇਲ੍ਹ ਦੇ ਕੈਦੀਆਂ ਲਈ ਯੋਗਾ ਅਭਿਆਸ ਸ਼ਾਮਲ ਕੀਤਾ ਗਿਆ।

ਇਹ ਪ੍ਰੇਰਨਾਦਾਇਕ ਸਮਾਗਮ ਭਾਰਤੀ ਯੋਗਾ ਸੰਘ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ ਅਤੇ ਟੀਮ NIA ਪੰਚਕੂਲਾ, ਡਾ. ਗੌਰਵ ਕੁਮਾਰ ਗਰਗ (ਆਈ. ਵਾਈ. ਡੀ. ਕੋਆਰਡੀਨੇਟਰ), ਪ੍ਰੋ. ਪ੍ਰਹਿਲਾਦ ਰਘੂ, ਅਤੇ ਡਾ. ਸੁਨੀਤਾ ਯਾਦਵ ਦੁਆਰਾ ਕੁਸ਼ਲਤਾ ਨਾਲ ਸੰਚਾਲਿਤ ਕੀਤਾ ਗਿਆ ਸੀ।

ਪ੍ਰੋਗਰਾਮ ਦੀ ਸੰਕਲਪ ਸੰਸਥਾ ਦੇ ਵਾਈਸ ਚਾਂਸਲਰ, ਪ੍ਰੋਫੈਸਰ ਸੰਜੀਵ ਸ਼ਰਮਾ, ਡੀਨ ਪ੍ਰੋਫੈਸਰ ਗੁਲਾਬ ਪਮਨਾਨੀ (ਅਕਾਦਮਿਕ ਅਤੇ ਪ੍ਰਸ਼ਾਸਨਿਕ), ਅਤੇ ਡੀਨ-ਇਨ-ਚਾਰਜ ਪ੍ਰੋਫੈਸਰ ਸਤੀਸ਼ ਗੰਧਰਵਾ ਦੁਆਰਾ ਸੰਕਲਪਿਤ ਅਤੇ ਮਾਰਗਦਰਸ਼ਨ ਕੀਤੀ ਗਈ ਸੀ। ਸੈਸ਼ਨ ਦੌਰਾਨ ਜੇਲ੍ਹ ਦੇ ਕੈਦੀਆਂ ਨੂੰ ਯੋਗਾ ਰਾਹੀਂ ਸਵੈ-ਅਨੁਸ਼ਾਸਨ, ਮਾਨਸਿਕ ਸ਼ਾਂਤੀ ਅਤੇ ਸਰੀਰਕ ਸ਼ਕਤੀਕਰਨ ਦਾ ਸੰਦੇਸ਼ ਦਿੱਤਾ ਗਿਆ।

21 ਜੂਨ ਨੂੰ ਮੁੱਖ ਯੋਗਾ ਦਿਵਸ ਸਮਾਗਮ: ਅੰਤਰਰਾਸ਼ਟਰੀ ਯੋਗ ਦਿਵਸ 2025 ਦਾ ਮੁੱਖ ਸਮਾਗਮ 21 ਜੂਨ ਨੂੰ ਸਵੇਰੇ 6:00 ਵਜੇ ਤੋਂ ਸਵੇਰੇ 8:00 ਵਜੇ ਤੱਕ ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ, ਪੰਚਕੂਲਾ ਦੇ ਕੈਂਪਸ ਵਿੱਚ ਹੋਵੇਗਾ। ਇਸ ਮੌਕੇ ਸੈਂਕੜੇ ਭਾਗੀਦਾਰਾਂ ਦੁਆਰਾ ਸਮੂਹਿਕ ਯੋਗਾ ਅਭਿਆਸ ਕੀਤਾ ਜਾਵੇਗਾ ਅਤੇ ਕਈ ਪਤਵੰਤੇ ਵੀ ਇਸ ਸਮਾਗਮ ਦੀ ਸ਼ੋਭਾ ਵਧਾਉਣਗੇ। ਸਾਰੇ ਨਾਗਰਿਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਸ ਸਮਾਗਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ, ਯੋਗ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਅਤੇ ਇੱਕ 'ਤੰਦਰੁਸਤ ਭਾਰਤ' ਦੀ ਸਿਰਜਣਾ ਵਿੱਚ ਹਿੱਸਾ ਲੈਣ।

# ਨੈਸ਼ਨਲ ਕਾਲਜ ਭੀਖੀ ਦਾ ਪੀਜੀਡੀਸੀਏ ਸਮੈਸਟਰ ਪਹਿਲੇ ਦਾ ਨਤੀਜਾ ਰਿਹਾ ਸ਼ਾਨਦਾਰ



**ਭੀਖੀ- ( ਕਮਲ ਜਿੰਦਲ)**

ਸਥਾਨਕ ਨੈਸ਼ਨਲ ਕਾਲਜ ਭੀਖੀ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਪੀ ਜੀ ਡੀ ਸੀ ਏ ਸਮੈਸਟਰ ਪਹਿਲੇ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਐਮ ਕੇ ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਮਨਦੀਪ ਕੌਰ ਨੇ 379 ਅੰਕਾਂ ਨਾਲ ਪਹਿਲਾ ਸਥਾਨ, ਦੀਆ ਰਾਣੀ ਨੇ 376 ਅੰਕਾਂ ਨਾਲ ਦੂਜਾ ਸਥਾਨ, ਮੁਸਕਾਨ ਨੇ 375 ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਡਾ. ਐਮ. ਕੇ. ਮਿਸ਼ਰਾ ਨੇ ਨਤੀਜੇ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ, "ਇਸ ਸਾਲ ਦੇ ਵਿਦਿਆਰਥੀਆਂ ਨੇ ਅਕਾਦਮਿਕ ਮੈਦਾਨ 'ਚ ਵਧੀਆ ਦਿੱਖ ਦਿੱਤੀ ਹੈ। ਇਨ੍ਹਾਂ ਦੀ ਲਗਨ, ਤਪੱਸਿਆ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਦੇ ਚਲਦੇ ਉੱਤਮ ਨਤੀਜੇ ਆਏ ਹਨ। ਪ੍ਰਿੰਸੀਪਲ ਨੇ ਨਤੀਜੇ ਉੱਤੇ ਖੁਸ਼ੀ ਜਤਾਉਂਦਿਆਂ ਇਹ ਵੀ ਕਿਹਾ ਕਿ ਪੀ ਜੀ ਡੀ ਸੀ ਏ ਵਿਭਾਗ ਨੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਆਪਣੀ ਪਹਿਚਾਣ ਬਣਾਈ ਰੱਖੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਨਵੇਂ ਯੁਗ ਦੀ ਟੈਕਨੋਲੋਜੀ ਨਾਲ ਜੋੜਨ, ਉਨ੍ਹਾਂ ਦੀ ਕੌਸ਼ਲ ਵਿਕਾਸ ਅਤੇ ਆਤਮ-ਨਿਰਭਰਤਾ ਵਧਾਉਣ ਵੱਲ ਕਾਲਜ ਵਧ ਚੜ੍ਹ ਕੇ ਕੰਮ ਕਰ ਰਿਹਾ ਹੈ।ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨਤੀਜਿਆਂ ਵਿਚ ਸ਼ਾਨਦਾਰ ਪ੍ਰਾਪਤੀ ਤੇ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਇਸ ਮੌਕੇ ਪ੍ਰੋ ਗੁਰਤੇਜ ਸਿੰਘ ਤੇਜੀ, ਵਿਭਾਗ ਮੁਖੀ ਪ੍ਰੋ ਰਵੀ ਕੁਮਾਰ, ਪ੍ਰੋ ਨਵਦੀਪ ਕੌਰ, ਪ੍ਰੋ ਹਰਬੰਸ ਸਿੰਘ, ਪ੍ਰੋ ਅਮਨਦੀਪ ਕੌਰ ਅਤੇ ਸਮੂਹ ਸਟਾਫ ਹਾਜ਼ਰ ਸੀ।

# ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਲੰਗਰ ਹਾਲ ਦਾ ਲੈਂਟਰ ਪਾਇਆ ਗਿਆ



**ਫਿਰੋਜ਼ਪੁਰ - (ਮਨੋਹਰ ਲਾਲ)** :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਲੰਗਰ ਹਾਲ ਦਾ ਲੈਂਟਰ ਪਾਇਆ ਗਿਆ। ਇਸ ਮੌਕੇ ਤੇ ਸਮੂਹ ਇਲਾਕੇ ਦੀਆਂ ਸੰਗਤਾਂ ਨੇ ਲੰਗਰ ਹਾਲ ਲੈਂਟਰ ਵਿਚ ਸੇਵਾ ਕੀਤੀ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਜੀ ਅੱਗੇ ਅਰਦਾਸ ਬੇਨਤੀ ਕੀਤੀ, ਅਰਦਾਸ ਉਪਰੰਤ ਪਹਿਲਾ ਬਠਿਲ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਚੁੱਕ ਕੇ ਲੈਂਟਰ ਪਾਉਣ ਦੀ ਸ਼ੁਰੂਆਤ ਕੀਤੀ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ, ਭਾਈ ਗੁਰਮੇਲ ਸਿੰਘ ਅਰਜੁਨ, ਭਾਈ ਗੁਰਬਖਸ਼ ਸਿੰਘ ਚੰਨ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ, ਭਾਈ ਬਾਬੂ ਸਿੰਘ, ਭਾਈ ਸੰਤੋਖ ਸਿੰਘ ਲਾਗਰੀ, ਭਾਈ ਗੁਰਦੇਵ ਸਿੰਘ, ਭਾਈ ਜ਼ਸਵੀਰ ਸਿੰਘ, ਭਾਈ ਠੱਕਰ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬਾਬਾ ਜੀ ਦੇ ਸੇਵਾਦਾਰਾਂ ਅਤੇ ਸੰਗਤਾਂ ਨੇ ਬੱਠਲਾਂ, ਬਜਰੀ, ਰੇਤਾ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜਿਹੜੀਆਂ ਸੰਗਤਾਂ ਲੰਗਰ ਹਾਲ ਵਿਚ ਕਾਫੀ ਦਿਨਾਂ ਤੋਂ ਲੰਗਰ ਹਾਲ ਦੀ ਇਮਾਰਤ ਬਣਾਉਣ ਵਿਚ ਹੱਥੀਂ ਸੇਵਾ ਕਰ ਰਹੀਆਂ ਹਨ, ਉਨ੍ਹਾਂ ਦਾ ਅਸੀਂ ਧੰਨਵਾਦ ਕਰਦੇ ਹਾਂ ਅਤੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਕਿ ਉਨ੍ਹਾਂ ਦੀ ਹਰ ਮਨੋਕਾਮਨਾ ਪੂਰੀਆਂ ਕਰਨ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ।

# ਪੇਜ਼ ਇੱਕ ਦਾ ਬਾਕੀ

ਲੁਧਿਆਣਾ ...

ਸਹੀ ਅਪਡੇਟ ਕੀਤੀਆਂ ਗਈਆਂ ਹਨ। ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੁਆਰਾ ਨਿਯੁਕਤ 384 ਬੀਐੱਲਏ ਨੇ ਪ੍ਰਕਿਰਿਆ ਦੀ ਜਾਂਚ ਕੀਤੀ ਅਤੇ 4279 ਦਾਅਵੇ ਅਤੇ ਇਤਰਾਜ਼ ਦਾਇਰ ਕੀਤੇ ਗਏ। ਵੋਟਰ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ 05-05-2025 ਨੂੰ ਕੀਤਾ ਗਿਆ ਅਤੇ ਅੰਤਿਮ ਵੋਟਰ ਸੂਚੀਆਂ ਦੀ ਇੱਕ ਕਾਪੀ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਸਾਂਝੀ ਕੀਤੀ ਗਈ। ਆਰਪੀ ਐਕਟ 1950 ਦੀ ਧਾਰਾ 24(ਏ) ਅਧੀਨ ਜ਼ਿਲ੍ਹਾ ਮੈਜਿਸਟਰੇਟ ਕੋਲ ਅਤੇ ਧਾਰਾ 24(ਬੀ) ਅਧੀਨ ਮੁੱਖ ਚੋਣ ਅਧਿਕਾਰੀ ਕੋਲ ਕੋਈ ਅਪੀਲ ਦਰਜ ਨਹੀਂ ਹੋਈ। ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 02-06-2025 ਨੂੰ ਵੋਟਰ ਸੂਚੀ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ ਅਤੇ ਇਸਦੀ ਇੱਕ ਕਾਪੀ ਸਾਰੇ ਚੋਣ ਲੜ ਰਹੇ ਉਮੀਦਵਾਰਾਂ ਨਾਲ 06-06-2025 ਨੂੰ ਸਾਂਝੀ ਕੀਤੀ ਗਈ ਸੀ। ਵੋਟਰ ਸੂਚੀ ਵਿੱਚ ਕੁੱਲ 175469 ਵੋਟਰ ਰਜਿਸਟਰਡ ਸਨ। ਕੁੱਲ 14 ਉਮੀਦਵਾਰਾਂ ਨੇ ਚੋਣ ਲੜੀ ਜਿਸ ਵਿੱਚ 1 ਔਰਤ ਵੀ ਸ਼ਾਮਲ ਸੀ। ਇਨ੍ਹਾਂ ਚੋਣਾਂ ਲਈ 194 ਪੋਲਿੰਗ ਬੂਥ ਸਥਾਪਤ ਕੀਤੇ ਗਏ ਸਨ। ਇੱਕ ਪੋਲਿੰਗ ਬੂਥ ਵਿੱਚ ਵੋਟਰਾਂ ਦੀ ਗਿਣਤੀ 1200 ਤੱਕ ਰੱਖਣ ਦੇ ਚੋਣ ਕਮਿਸ਼ਨ ਦੇ ਹਾਲ ਹੀ ਦੇ ਫੈਸਲੇ ਦੇ ਕਾਰਨ, ਵੋਟਰਾਂ ਦੀ ਸਹੂਲਤ ਲਈ ਵਾਧੂ 2 ਨਵੇਂ ਪੋਲਿੰਗ ਬੂਥ ਬਣਾਏ ਗਏ। ਹਰੇਕ ਪੋਲਿੰਗ ਬੂਥ 'ਤੇ ਸਹੂਲਤਾਂ ਦੀ ਵਿਵਸਥਾ ਤੋਂ ਇਲਾਵਾ, ਪਹਿਲੀ ਵਾਰ ਵੋਟਰਾਂ ਦੀ ਸਹੂਲਤ ਲਈ ਪ੍ਰਵੇਸ਼ ਦੁਆਰ 'ਤੇ 194 ਪੋਲਿੰਗ ਸਟੇਸ਼ਨਾਂ 'ਤੇ ਮੋਬਾਈਲ ਜਮ?ਹਾ ਕਰਵਾਉਣ ਦੀ ਸਹੂਲਤ ਦਿੱਤੀ ਗਈ। 1 ਮਹਿਲਾ ਕਰਮਚਾਰੀਆਂ ਵਾਲਾ, 1 ਦਿਵਿਆਂਗ ਕਰਮਚਾਰੀਆਂ ਵਾਲਾ ਅਤੇ 10 ਮਾਡਲ ਪੋਲਿੰਗ ਸਟੇਸ਼ਨ ਵੀ ਬਣਾਏ ਗਏ। ਈਵੀਐੱਮ ਦੀ ਪਹਿਲੇ ਲੈਵਲ ਦੀ ਜਾਂਚ 03.02.25 ਤੋਂ 06.02.2025 ਨੂੰ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਕੀਤੀ ਗਈ। ਕਮਿਸ਼ਨਿੰਗ ਦੀ ਪ੍ਰਕਿਰਿਆ 10-06-2025 ਨੂੰ ਉਮੀਦਵਾਰਾਂ/ਉਨ੍ਹਾਂ ਦੇ ਅਧਿਕਾਰਤ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਕੀਤਾ ਗਿਆ। ਹਰੇਕ ਪੜਾਅ 'ਤੇ, ਈਵੀਐਮ 'ਤੇ ਮੌਕ ਡ੍ਰਿਲ ਕਰਵਾਈ ਗਈ ਅਤੇ ਨਤੀਜਿਆਂ ਦੀ ਜਾਂਚ ਵੀਵੀਪੀਏਟੀ ਸਲਿੱਪਾਂ ਨਾਲ ਕੀਤੀ ਗਈ। ਪੋਲਿੰਗ ਬੂਥਾਂ ਨੂੰ ਈਵੀਐਮ ਦੀ ਵੰਡ ਉਮੀਦਵਾਰਾਂ/ਉਨ੍ਹਾਂ ਦੇ ਅਧਿਕਾਰਤ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ 2 ਪੜਾਵਾਂ ਦੀ ਰੈਂਡਮਾਈਜ਼ੇਸ਼ਨ ਪ੍ਰਕਿਰਿਆ ਰਾਹੀਂ ਕੀਤੀ ਗਈ। ਪੋਲਿੰਗ ਬੂਥਾਂ 'ਤੇ ਤਾਇਨਾਤ ਕੀਤੀਆਂ ਜਾਣ ਵਾਲੀਆਂ ਈਵੀਐੱਮ ਮਸ਼ੀਨਾਂ ਦੀ ਸੂਚੀ ਪਹਿਲਾਂ ਹੀ ਚੋਣ ਲੜ ਰਹੇ ਉਮੀਦਵਾਰਾਂ ਨਾਲ ਸਾਂਝੀ ਕੀਤੀ ਗਈ ਸੀ। ਚੋਣ ਕਮਿਸ਼ਨ ਦੇ ਜਨਰਲ ਆਬਜ਼ਰਵਰਾਂ ਦੀ ਮੌਜੂਦਗੀ ਵਿੱਚ ਪੋਲਿੰਗ ਕਰਮਚਾਰੀਆਂ ਨੂੰ 3 ਪੜਾਵਾਂ ਦੀ ਰੈਂਡਮਾਈਜ਼ੇਸ਼ਨ ਰਾਹੀਂ ਡਿਊਟੀਆਂ ਸੌਂਪੀਆਂ ਗਈਆਂ ਸਨ। ਸਿਖਲਾਈ ਪ੍ਰੋਗਰਾਮਾਂ ਦੌਰਾਨ, ਹੱਥੀਂ ਸਿਖਲਾਈਆਂ ਦਾ ਆਯੋਜਨ ਕੀਤਾ ਗਿਆ ਸੀ ਜਿਸ ਦੌਰਾਨ ਹਰੇਕ ਪ੍ਰੀਜ਼ਾਈਡਿੰਗ ਅਧਿਕਾਰੀ ਨੇ ਵਿਅਕਤੀਗਤ ਈਵੀਐਮ 'ਤੇ ਮੌਕ ਡ੍ਰਿਲ ਕੀਤੀ, ਬੇਤਰਤੀਬ ਢੰਗ ਨਾਲ 100 ਮੌਕ ਵੋਟਾਂ ਖੁਦ ਪਾਈਆਂ ਅਤੇ ਨਤੀਜੇ ਦੀ ਜਾਂਚ ਕੀਤੀ ਅਤੇ ਵੀਵੀਪੀਏਐੱਟ ਸਲਿੱਪਾਂ ਨਾਲ ਵੀ ਮੇਲ ਕੀਤਾ। ਸਿਖਲਾਈ ਦੇ ਅੰਤ 'ਤੇ ਪ੍ਰੀਜ਼ਾਈਡਿੰਗ ਅਧਿਕਾਰੀਆਂ ਨੇ ਈਵੀਐਮ ਦੇ ਫੂਲ-ਪਰੂਫ ਕੰਮਕਾਜ ਉੱਤੇ ਪੂਰਾ ਭਰੋਸਾ ਜਿਤਾਇਆ।

ਹਸਪਤਾਲ ...

ਹਾਈਪਰਸੋਨਿਕ ਮਿਜ਼ਾਈਲਾਂ ਦੀ ਵਰਤੋਂ ਕਰ ਰਿਹਾ ਹੈ, ਉਸ ਤੋਂ ਸਪੱਸ਼ਟ ਹੈ ਕਿ ਉਹ ਆਪਣੀਆਂ ਗਤੀਵਿਧੀਆਂ ਨੂੰ ਬੰਦ ਨਹੀਂ ਕਰਨ ਵਾਲਾ। ਅਸੀਂ ਹੁਣ ਇੱਕ ਨਵੇਂ ਤਰੀਕੇ ਨਾਲ ਈਰਾਨ 'ਤੇ ਹਮਲਾ ਕਰਨ ਜਾ ਰਹੇ ਹਾਂ। ਕਾਟਜ਼ ਨੇ ਅੱਗੇ ਕਿਹਾ ਕਿ ਅਸੀਂ ਅਲੀ ਖਾਮੇਨੇਈ ਦੀ ਸਲਤਨਤ ਨੂੰ ਹਿਲਾ ਦੇਵਾਂਗੇ। ਭਾਵੇਂ ਕੁਝ ਵੀ ਹੋਵੇ। ਅਸੀਂ ਇਜ਼ਰਾਈਲ 'ਤੇ ਸਾਰੇ ਸੰਭਾਵਿਤ ਹਮਲਿਆਂ ਨੂੰ ਖਤਮ ਕਰਨ ਲਈ ਕੰਮ ਕਰ ਰਹੇ ਹਾਂ। ਰੱਖਿਆ ਮੰਤਰੀ ਦੇ ਬਿਆਨ ਤੋਂ ਠੀਕ ਪਹਿਲਾਂ, ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਈਰਾਨ ਨੂੰ ਇਸਦੀ ਕੀਮਤ ਚੁਕਾਉਣੀ ਪਵੇਗੀ।

ਤਹਿਰਾਨ 'ਤੇ ਹਮਲੇ ਦੇ ਵਿਰੋਧ ਵਿੱਚ ਈਰਾਨ ਨੇ ਵੀਰਵਾਰ ਨੂੰ ਇੱਕ ਇਜ਼ਰਾਈਲੀ ਹਸਪਤਾਲ 'ਤੇ ਹਮਲਾ ਕੀਤਾ। ਇਜ਼ਰਾਈਲੀ ਅਧਿਕਾਰੀਆਂ ਦੇ ਅਨੁਸਾਰ, ਇਸ ਹਮਲੇ ਵਿੱਚ 6 ਲੋਕ ਗੰਭੀਰ ਜ਼ਖਮੀ ਹੋਏ ਹਨ। 20 ਤੋਂ ਵੱਧ ਲੋਕ ਅੰਸ਼ਕ ਤੌਰ 'ਤੇ ਜ਼ਖਮੀ ਹਨ।

ਈਰਾਨ ਦੇ ਇਸ ਹਮਲੇ ਵਿੱਚ ਹਸਪਤਾਲ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਈਰਾਨ ਦਾ ਕਹਿਣਾ ਹੈ ਕਿ ਇਹ ਹਸਪਤਾਲ ਇਜ਼ਰਾਈਲ ਡਿਫੈਂਸ ਫੋਰਸ ਦੇ ਕਮਾਂਡ ਖੇਤਰ ਵਿੱਚ ਹੈ, ਜਿਸ ਕਾਰਨ ਇਸ 'ਤੇ ਹਮਲਾ ਹੋਇਆ ਹੈ।

ਖਾਮੇਨੇਈ ਆਪਣੇ ਪਰਿਵਾਰ ਨਾਲ ਬੰਕਰ ਵਿੱਚ ਲੁਕਿਆ

ਈਰਾਨ ਇੰਟਰਨੈਸ਼ਨਲ ਦੇ ਅਨੁਸਾਰ, ਇਜ਼ਰਾਈਲੀ ਹਮਲੇ ਦੇ ਮੱਦੇਨਜ਼ਰ, ਅਲੀ ਖਾਮੇਨੇਈ ਆਪਣੇ ਪੂਰੇ ਪਰਿਵਾਰ ਨਾਲ ਤਹਿਰਾਨ ਦੇ ਲਵੀਜ਼ਾਨ ਬੰਕਰ ਵਿੱਚ ਲੁਕ ਗਿਆ ਹੈ। ਇਹ ਬੰਕਰ ਪ੍ਰਮਾਣੂ ਸਥਾਨ ਦੇ ਨੇੜੇ ਹੈ। ਈਰਾਨ ਫੌਜ ਦਾ ਮੁੱਖ ਦਫਤਰ ਵੀ ਬੰਕਰ ਦੇ ਨੇੜੇ ਹੈ।

ਖਾਮੇਨੇਈ ਈਰਾਨ ਦੇ ਸੁਪਰੀਮ ਲੀਡਰ ਹਨ ਅਤੇ ਉਹ ਹੀ ਫੌਜ ਦੀ ਕਮਾਨ ਸੰਭਾਲਦੇ ਹਨ। ਬੁੱਧਵਾਰ ਨੂੰ ਖਾਮੇਨੇਈ ਨੇ ਇਜ਼ਰਾਈਲੀ ਹਮਲੇ ਦੇ ਵਿਰੋਧ ਵਿੱਚ ਇੱਕ ਬਿਆਨ ਜਾਰੀ ਕੀਤਾ। ਖਾਮੇਨੇਈ ਨੇ ਕਿਹਾ ਕਿ ਅਸੀਂ ਅਮਰੀਕਾ ਅੱਗੇ ਆਤਮ ਸਮਰਪਣ ਨਹੀਂ ਕਰਨ ਵਾਲੇ।

ਮੋਹਾਲੀ ...

ਨੌਜਵਾਨ ਨਾਲ ਕਿਸੇ ਗੱਲ ਨੂੰ ਲੈ ਕੇ ਬਹਿਸ ਹੋਈ ਅਤੇ ਕਲੱਬ ਤੋਂ ਬਾਹਰ ਆਉਂਦੇ ਹੀ ਉਨ੍ਹਾਂ ਨੇ ਗੰਗਾਨਗਰ ਦੇ ਇੱਕ ਨੌਜਵਾਨ 'ਤੇ ਗੋਲੀ ਚਲਾ ਦਿੱਤੀ ਜਿਸ ਵਿੱਚ ਨੌਜਵਾਨ ਨੂੰ ਗੋਲੀ ਲੱਗ ਗਈ।

ਜਾਣਕਾਰੀ ਅਨੁਸਾਰ ਜ਼ਖਮੀ ਨੌਜਵਾਨ ਨੂੰ ਸੋਹਾਣਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਜਿੱਥੇ ਉਸਦੀ ਸਰਜਰੀ ਹੋਈ। ਪੁਲਿਸ ਅਨੁਸਾਰ ਗੋਲੀਆਂ ਚਲਾਉਣ ਵਾਲੇ ਨੌਜਵਾਨਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਵੱਖ-ਵੱਖ ਟੀਮਾਂ ਬਣਾ ਕੇ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਫੇਜ਼ 11 ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ। ਫਿਲਹਾਲ ਪੁਲਿਸ ਅਨੁਸਾਰ ਗੋਲੀਆਂ ਚਲਾਉਣ ਵਾਲੇ ਨੌਜਵਾਨਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਵੱਖ-ਵੱਖ ਟੀਮਾਂ ਬਣਾ ਕੇ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਫੇਜ਼ 11 ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ।

ਯੋਗਮਈ ...

ਰਹੀਆਂ ਹਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਚੰਗੀ ਸਿਹਤ ਬਣਾਈ ਰੱਖਣਾ ਅਤੇ ਤਣਾਅ ਮੁਕਤ ਰਹਿਣਾ ਸਮੇਂ ਦੀ ਲੋੜ ਹੈ, ਖਾਸ ਕਰ ਉਦੋਂ ਜਦੋਂ ਲੋਕ ਆਪਣੇ ਰੋਜ਼ਾਨਾ ਜੀਵਨ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਤਣਾਅ ਦਾ ਵਧਦਾ ਪੱਧਰ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਯੋਗ ਇਸ ਸਮੱਸਿਆ ਨਾਲ ਨਜਿੱਠਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਅ ਸਕਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਸੀ.ਐਮ. ਦੀ ਯੋਗਸ਼ਾਲਾ ਅਭਿਆਨ ਦਿੱਲੀ ਦੇ ਮੁੱਖ ਮੰਤਰੀ ਹੁੰਦਿਆਂ ਸ਼੍ਰੀ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਵਿੱਚ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਨੇ ਕੌਮੀ ਰਾਜਧਾਨੀ ਵਿੱਚ ਬਹੁਤ ਪ੍ਰਸਿੱਧੀ ਹਾਸਲ ਕੀਤੀ, ਜਿਸ ਨਾਲ ਆਬਾਦੀ ਦੇ ਵੱਡੇ ਹਿੱਸੇ ਨੂੰ ਲਾਭ ਪ੍ਰਾਪਤ ਹੋਇਆ। ਇਸਦੀ ਸਫ਼ਲਤਾ ਤੋਂ ਪ੍ਰੇਰਿਤ ਹੋ ਕੇ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਵੀ ਇਸੇ ਤਰ੍ਹਾਂ ਦੇ ਲਾਭ ਯਕੀਨੀ ਬਣਾਉਣ ਲਈ ਇਸ ਯੋਜਨਾ ਨੂੰ ਲਾਗੂ ਕੀਤਾ ਗਿਆ। ਡਾ. ਬਲਬੀਰ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਭਾਰਤ ਦੀਆਂ ਪ੍ਰਾਚੀਨ ਅਤੇ ਸ਼ਾਨਦਾਰ ਰਿਵਾਇਤਾਂ ਅਨੁਸਾਰ ਇਹ ਯੋਗਸ਼ਾਲਾਵਾਂ ਪੰਜਾਬੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਬਣਾਉਣ ਵਿੱਚ ਮਦਦਗਾਰ ਸਾਬਤ ਹੋਣਗੀਆਂ।

ਸਿਹਤ ਮੰਤਰੀ ਨੇ ਕਿਹਾ ਕਿ ਸਰੀਰ ਤੇ ਮਨ ਦੀ ਤੰਦਰੁਸਤੀ ਨੂੰ ਬਣਾਈ ਰੱਖਣ ਲਈ ਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਹਰੇਕ ਵਿਅਕਤੀ ਨੂੰ ਸਿਹਤਮੰਦ ਰਹਿਣ ਲਈ ਯੋਗ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ। ਡਾ. ਬਲਬੀਰ ਸਿੰਘ ਨੇ ਅਖੀਰ ਵਿੱਚ ਕਿਹਾ ਕਿ ਸਿਹਤਮੰਦ ਜੀਵਨ ਸ਼ੈਲੀ ਅਪਣਾ ਕੇ ਅਤੇ ਨਿਯਮਿਤ ਤੌਰ 'ਤੇ ਯੋਗ ਅਭਿਆਸ ਕਰਕੇ ਮਾਨਸਿਕ ਅਤੇ ਸਰੀਰਕ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ।

ਸਮਾਗਮ ਦੌਰਾਨ ਸਿਹਤ ਮੰਤਰੀ ਨੇ ਐਲਾਨ ਕੀਤਾ ਕਿ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਦਾ ਪੇਂਡੂ ਖੇਤਰਾਂ ਵਿੱਚ ਜਲਦ ਵਿਸਥਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਪਹਿਲਕਦਮੀ ਸੂਬੇ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਵਿੱਚ ਵੀ ਕਾਰਗਰ ਸਾਬਤ ਹੋਈ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਯੋਗਾ ਰਾਹੀਂ ਨਸ਼ੇ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਇਸ ਅਲਾਮਤ ਤੋਂ ਨਿਜਾਤ ਦਿਵਾਉਣ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਜਲੰਧਰ ਦੇ ਮੇਅਰ ਵਨੀਤ ਧੀਰ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਜਦਕਿ ਉੱਘੇ ਉਦਯੋਗਪਤੀ ਅਤੇ 'ਆਪ' ਆਗੂ ਨਿਤਿਨ ਕੋਹਲੀ ਨੇ ਧੰਨਵਾਦ ਕੀਤਾ।

ਇਸ ਮੌਕੇ ਮੇਅਰ ਜਲੰਧਰ ਵਨੀਤ ਧੀਰ, ਆਪ ਆਗੂ ਨਿਤਿਨ ਕੋਹਲੀ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ, ਸਿਹਤ ਸਕੱਤਰ ਕੁਮਾਰ ਰਾਹੁਲ, ਵਾਈਸ ਚਾਂਸਲਰ ਸ੍ਰੀ ਗੁਰੂ ਰਵਿਦਾਸ ਆਯੂਰਵੇਦ ਯੂਨੀਵਰਸਿਟੀ ਹੁਸ਼ਿਆਰਪੁਰ ਡਾ. ਸੰਜੀਵ ਸੂਦ, ਡਾਇਰੈਕਟਰ ਰਜਿੰਦਰ ਸਿੰਘ ਰਿਹਾਲ, ਵਧੀਕ ਡਾਇਰੈਕਟਰ ਜਨਰਲ ਪੁਲਿਸ ਸਟੇਟ ਆਰਮਡ ਪੁਲਿਸ ਜਲੰਧਰ ਐਮ.ਐਫ. ਫਾਰੂਕੀ, ਏ.ਡੀ.ਜੀ.ਪੀ. ਨਰੇਸ਼ ਅਰੋੜਾ, ਡੀ.ਆਈ.ਜੀ. ਨਵੀਨ ਸਿੰਗਲਾ ਆਦਿ ਵੀ ਮੌਜੂਦ ਸਨ।

ਆਉਣ ਵਾਲੇ ...

ਸਾਡੀਆਂ ਭਾਸ਼ਾਵਾਂ ਤੋਂ ਬਿਨਾਂ ਅਸੀਂ ਸੱਚੇ ਭਾਰਤੀ ਨਹੀਂ ਹੋ ਸਕਦੇ। ਅਮਿਤ ਸ਼ਾਹ ਨੇ ਕਿਹਾ, ਆਪਣੇ ਦੇਸ਼, ਆਪਣੀ ਸੰਸਕ੍ਰਿਤੀ, ਆਪਣੇ ਇਤਿਹਾਸ ਅਤੇ ਆਪਣੇ ਧਰਮ ਨੂੰ ਸਮਝਣ ਲਈ ਕੋਈ ਵੀ ਵਿਦੇਸ਼ੀ ਭਾਸ਼ਾ ਕਾਫ਼ੀ ਨਹੀਂ ਹੋ ਸਕਦੀ। ਅਧੂਰੀਆਂ ਵਿਦੇਸ਼ੀ ਭਾਸ਼ਾਵਾਂ ਰਾਹੀਂ ਸੰਪੂਰਨ ਭਾਰਤ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮੈਂ ਪੂਰੀ ਤਰ੍ਹਾਂ ਜਾਣਦਾ ਹਾਂ ਕਿ ਇਹ ਲੜਾਈ ਕਿੰਨੀ ਔਖੀ ਹੈ, ਪਰ ਮੈਨੂੰ ਇਹ ਵੀ ਵਿਸ਼ਵਾਸ ਹੈ ਕਿ ਭਾਰਤੀ ਸਮਾਜ ਇਸਨੂੰ ਜਿੱਤੇਗਾ। ਇੱਕ ਵਾਰ ਫਿਰ, ਸਵੈ-ਮਾਣ ਨਾਲ, ਆਪਣੀਆਂ ਭਾਸ਼ਾਵਾਂ ਵਿੱਚ ਅਸੀਂ ਆਪਣਾ ਦੇਸ਼ ਚਲਾਵਾਂਗੇ ਅਤੇ ਦੁਨੀਆ ਦੀ ਅਗਵਾਈ ਵੀ ਕਰਾਂਗੇ।÷ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਤਿਆਰ ਕੀਤੇ ਗਏ 'ਪੰਚ ਪ੍ਰਣ' (ਪੰਜ ਪ੍ਰਣ) ਨੂੰ ਰੇਖਾਂਕਿਤ ਕਰਦੇ ਹੋਏ ਅਮਿਤ ਸ਼ਾਹ ਨੇ ਕਿਹਾ ਕਿ ਇਹ ਪੰਜ ਪ੍ਰਣ ਦੇਸ਼ ਦੇ 130 ਕਰੋੜ ਲੋਕਾਂ ਦਾ ਸੰਕਲਪ ਬਣ ਗਏ ਹਨ।

ਲਾਰੈਂਸ ...

61(2) ਤਹਿਤ ਮਿਤੀ 26 ਮਈ 2025 ਨੂੰ ਦਰਜ ਹੋਏ ਮੁਕੱਦਮਾ ਨੰਬਰ 78 ਵਿੱਚ ਕੀਤੀਆਂ ਹਨ।

ਘਟਨਾ ਦਾ ਵੇਰਵਾ ਦਿੰਦਿਆਂ ਐਸ.ਐਸ.ਪੀ. ਨੇ ਦੱਸਿਆ ਕਿ ਮਿਤੀ 24-05-2025 ਨੂੰ ਪਿੰਡ ਦੌਣ ਕਲਾਂ ਦੇ ਵਾਸੀ ਦਲਵਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ 'ਤੇ 7/8 ਅਣਪਛਾਤੇ ਵਿਅਕਤੀਆਂ ਨੇ ਮਾਰ ਦੇਣ ਦੀ ਨੀਅਤ ਨਾਲ ਜਾਨਲੇਵਾ ਹਮਲਾ ਕਰਕੇ ਉਸਦੀਆਂ ਲੱਤਾਂ ਤੇ ਬਾਹਵਾਂ 'ਤੇ ਤਲਵਾਰਾਂ ਤੇ ਰਾਡਾਂ ਨਾਲ ਵਾਰ ਕੀਤੇ ਗਏ ਸਨ। ਉਸ ਦੇ ਬਿਆਨਾਂ ਦੇ ਅਧਾਰ 'ਤੇ ਤੇਜਿੰਦਰ ਸਿੰਘ ਉਰਫ ਫ਼ੌਜੀ ਤੇ ਹੋਰਨਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਤੇਜਿੰਦਰ ਸਿੰਘ ਫ਼ੌਜੀ ਜੋ ਪਹਿਲਾਂ ਹੀ ਇੱਕ ਮੁਕੱਦਮੇ 'ਚ ਸਾਲ 2022 ਤੋਂ ਹੀ ਜੇਲ ਵਿੱਚ ਬੰਦ ਹੈ, ਨੂੰ ਕੇਂਦਰੀ ਜੇਲ ਫਿਰੋਜਪੁਰ ਤੋਂ ਪ੍ਰੋਡਕਸਨ ਵਰੰਟ ਹਾਸਲ ਕਰਕੇ ਮਿਤੀ 13 ਜੂਨ 2025 ਨੂੰ ਮੁਕੱਦਮੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਨੇ ਪੁੱਛਗਿੱਛ ਵਿੱਚ ਮੰਨਿਆ ਸੀ ਕਿ ਉਸਨੇ ਜੇਲ ਵਿੱਚ ਹੁੰਦੇ ਹੋਏ ਸੁਖਚੈਨ ਸਿੰਘ ਸੁੱਖੀ, ਰਾਹੁਲ ਕੱਦੂ, ਵਿਪਲ ਕੁਮਾਰ ਬਿੱਟੂ ਤੇ ਦੇਵ ਕਰਨ ਤੋਂ ਦਲਵਿੰਦਰ ਸਿੰਘ ਦੀ ਕੁੱਟਮਾਰ ਕਰਵਾਈ ਸੀ ਜਿਸਦੇ ਅਧਾਰ 'ਤੇ ਇਨ੍ਹਾਂ ਨੂੰ ਵੀ ਨਾਮਜਦ ਕੀਤਾ ਗਿਆ ਅਤੇ ਉਸੇ ਦਿਨ ਸੁਖਚੈਨ ਸਿੰਘ ਉਰਫ ਸੁੱਖੀ ਅਤੇ ਰਾਹੁਲ ਉਰਫ ਕੱਦੂ ਨੂੰ ਗ੍ਰਿਫਤਾਰ ਕੀਤਾ ਗਿਆ। ਤਫਤੀਸ਼ 'ਚ ਵਿਪਲ ਕੁਮਾਰ ਬਿੱਟੂ ਅਤੇ ਦੇਵ ਕਰਨ ਦੱਸਿਆ ਕਿ ਲੜਾਈ ਵਾਲੇ ਦਿਨ ਉਨ੍ਹਾਂ ਕੋਲ ਇੱਕ ਪਿਸਟਲ 32 ਬੋਰ ਤੇ 7 ਕਾਰਤੂਸ ਜਿੰਦਾ, 2 ਮੈਗਜੀਨ ਅਤੇ ਇੱਕ ਦੇਸੀ ਕੱਟਾ ਨਜਾਇਜ 315 ਬੋਰ ਸਮੇਤ 1 ਕਾਰਤੂਸ ਜਿੰਦਾ ਸੀ, ਜਿਨ੍ਹਾਂ ਨੂੰ ਉਨ੍ਹਾਂ ਨੇ ਝਗੜੇ ਬਾਅਦ ਰਾਜਾ ਫਾਰਮ ਬਹਾਦਰਗੜ ਨੇੜੇ ਕਿਸੇ ਜਗ੍ਹਾ ਦੱਬ ਦਿੱਤਾ ਸੀ, ਇਨ੍ਹਾਂ ਨੂੰ ਵੀ ਬਰਾਮਦ ਕਰ ਲਿਆ ਗਿਆ ਹੈ।

ਐਸ.ਐਸ.ਪੀ. ਨੇ ਦੱਸਿਆ ਕਿ ਪੁੱਛਗਿੱਛ ਤੋਂ ਸਾਹਮਣੇ ਆਇਆ ਕਿ ਇਹ ਅਸਲਾ ਮੱਧਪ੍ਰਦੇਸ਼ ਤੋਂ ਸਸਤੇ ਭਾਅ ਲਿਆ ਕੇ ਮੰਗ ਅਨੁਸਾਰ ਮਹਿੰਗੇ ਰੇਟ 'ਤੇ ਵੇਚਦੇ ਹਨ। ਇਨ੍ਹਾਂ ਨੇ ਮੰਨਿਆ ਕਿ ਲੜਾਈ ਤੋਂ ਪਹਿਲਾਂ ਉਹ 5 ਹੋਰ ਅਸਲੇ ਕਿਸੇ ਹੋਰ ਬੇਅਬਾਦ ਜਗ੍ਹਾ 'ਤੇ ਦੱਬੇ ਸਨ ਜਿਨ੍ਹਾਂ ਨੂੰ ਵੀ 18.06.2025 ਨੂੰ 03 ਨਜਾਇਜ ਅਸਲੇ 30 ਬੋਰ ਪਿਸਟਲ ਅਤੇ 02 ਨਜਾਇਜ ਅਸ਼ਲੇ 32 ਬੋਰ ਪਿਸਟਲ ਸਮੇਤ 08 ਮੈਗਜੀਨ ਅਤੇ 03 ਜਿੰਦਾ ਕਾਰਤੂਸ ਬਰਮਾਦ ਕੀਤੇ ਗਏ ਤੇ ਇਨ੍ਹਾਂ ਦਾ ਅਦਾਲਤ ਤੋਂ ਰਿਮਾਂਡ ਲੈਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਉਕਤ ਹਮਲੇ ਦੀ ਵਜ੍ਹਾ ਰੰਜਿਸ਼ ਦੱਸਦੇ ਹੋਏ ਐਸ.ਐਸ.ਪੀ ਵਰੁਣ ਸ਼ਰਮਾ ਨੇ ਕਿਹਾ ਕਿ ਭਿੰਦਾ ਕਤਲ ਕੇਸ ਵਿੱਚ ਤੇਜਿੰਦਰ ਸਿੰਘ ਉਰਫ ਫ਼ੌਜੀ ਧਿਰ ਮ੍ਰਿਤਕ ਭਿੰਦਾ ਦੇ ਪਰਿਵਾਰ 'ਤੇ ਰਾਜੀਨਾਮਾ ਕਰਨ ਲਈ ਦਬਾਅ ਬਣਾ ਰਹੇ ਸਨ ਅਤੇ ਦਲਵਿੰਦਰ ਸਿੰਘ ਜੋ ਕਿ ਮ੍ਰਿਤਕ ਭਿੰਦਾ ਦਾ ਦੋਸਤ ਸੀ, ਉਹ ਭਿੰਦੇ ਦੇ ਪਰਿਵਾਰ ਨੂੰ ਰਾਜੀਨਾਮਾ ਨਾ ਕਰਨ ਸਬੰਧੀ ਰੋਕ ਰਿਹਾ ਸੀ ਜਿਸ ਕਰਕੇ ਤੇਜਿੰਦਰ ਸਿੰਘ ਉਰਫ ਫ਼ੌਜੀ ਨੇ ਰੰਜਸ਼ ਰੱਖਦੇ ਹੋਏ ਦਲਵਿੰਦਰ ਸਿੰਘ 'ਤੇ ਹਮਲਾ ਕਰਵਾਇਆ ਸੀ

ਐਸ.ਐਸ.ਪੀ. ਨੇ ਹੋਰ ਦੱਸਿਆ ਕਿ ਤੇਜਿੰਦਰ ਸਿੰਘ ਉਰਫ ਫ਼ੌਜੀ ਅਤੇ ਰਾਹੁਲ ਉਰਫ ਕੱਦੂ ਇੱਕਠੇ ਜੇਲ ਵਿੱਚ ਰਹੇ ਹਨ, ਜਿੱਥੋਂ ਇਹ ਸਾਰੇ ਅੱਗੇ ਇੱਕ ਦੂਜੇ ਦੇ ਜਾਣਕਾਰਾਂ ਰਾਹੀ ਸੰਪਰਕ ਵਿੱਚ ਆਏ ਤੇ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਸਬੰਧ ਰੱਖਦੇ ਹਨ ਤੇ ਜੇਲ੍ਹ 'ਚੋਂ ਹੀ ਗੱਲਬਾਤ ਕਰਕੇ, ਯੋਜਨਾ ਬਣਾ ਕਰ ਸਾਰੀਆ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਹੁਣ ਵੀ ਸੂਬੇ ਤੇ ਪਟਿਆਲਾ ਅਤੇ ਹੋਰ ਕਈ ਥਾਵਾ 'ਤੇ ਰੈਕੀ ਕੀਤੀ ਹੋਈ ਸੀ ਅਤੇ ਕਈ ਟਾਰਗੇਟ ਕਿਲਿੰਗ ਦੀਆ ਘਟਨਾਵਾਂ ਨੂੰ ਅੰਜਾਮ ਦੇਣਾ ਸੀ। ਇਨ੍ਹਾਂ ਨੇ ਭਿੰਦਾ ਕਤਲ ਕੇਸ 38/22 ਥਾਣਾ ਅਰਬਨ ਅਸਟੇਟ ਪਟਿਆਲਾ ਦੇ ਅਹਿਮ ਗਵਾਹ ਦੀ ਵੀ ਰੈਕੀ ਕੀਤੀ ਗਈ ਸੀ ਅਤੇ ਜੇਕਰ ਇਨ੍ਹਾਂ ਦੀ ਗ੍ਰਿਫ਼ਤਾਰੀ ਤੇ ਅਸਲੇ ਦੀ ਬਰਾਮਦਗੀ ਨਾ ਹੁੰਦੀ ਤਾਂ ਇਨ੍ਹਾਂ ਨੇ ਕਈ ਘਟਨਾਵਾ ਨੂੰ ਅੰਜਾਮ ਦੇ ਕੇ ਮਾਹੌਲ ਖਰਾਬ ਕਰਨਾ ਸੀ।

ਐਸ.ਐਸ.ਪੀ. ਨੇ ਦੱਸਿਆ ਕਿ ਤੇਜਿੰਦਰ ਸਿੰਘ ਫ਼ੌਜੀ ਵਿਰੁੱਧ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ 'ਚ ਅੱਧੀ ਦਰਜਨ ਤੋਂ ਵਧੇਰੇ ਮੁਕੱਦਮੇ ਦਰਜ ਸਨ। ਰਾਹੁਲ ਉਰਫ ਕੱਦੂ ਪੁੱਤਰ ਮਹੀਪਾਲ ਸਿੰਘ ਖ਼ਿਲਾਫ਼ ਵੀ ਦੋ ਮੁਕੱਦਮੇ ਦਰਜ ਸਨ। ਵਿਪਲ ਕੁਮਾਰ ਉਰਫ ਬਿੱਟੂ ਪੁੱਤਰ ਪੂਰਨ ਸਿੰਘ ਵਿਰੁੱਧ ਇੱਕ ਮੁਕਦਮਾ ਦਰਜ ਹੈ ਪਰੰਤੂ ਸੁਖਚੈਨ ਸਿੰਘ ਸੁੱਖੀ ਤੇ ਦੇਵ ਕਰਨ ਵਿਰੁੱਧ ਪਹਿਲਾਂ ਕੋਈ ਮੁੱਕਦਮਾ ਦਰਜ ਨਹੀ ਹੈ

ਪੰਜਾਬ ਸਮੇਤ ...

ਤੋਂ ਬਾਅਦ ਮੰਗਲਵਾਰ ਨੂੰ 15 ਤੋਂ ਜ਼ਿਆਦਾ ਥਾਂਵਾ 'ਤੇ ਛਾਪੇਮਾਰੀ ਕੀਤੀ ਗਈ।

2024 ਨਸ਼ਾ ਤਸਕਰੀ ਨਾਲ ਜੁੜਿਆ ਮਾਮਲਾ ਈਡੀ ਨੇ ਦੱਸਿਆ ਕਿ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਮਾਮਲਾ ਦਰਜ ਕਾਰਵਾਈ ਕੀਤੀ ਗਈ। ਜਾਣਕਾਰੀ ਅਨੁਸਾਰ ਪਿਛਲੇ ਸਾਲ ਪੰਜਾਬ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਵੱਲੋਂ ਐਨਡੀਪੀਐਸ ਐਕਟ ਦੇ ਤਹਿਤ ਐਫਆਈਆਰ ਦਰਜ ਕਰ ਦੋ ਨਸ਼ਾਂ ਤਸਕਰਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ। ਏਜੰਸੀ ਨੇ ਮਾਮਲੇ 'ਚ ਕੁੱਝ ਵਿਅਕਤੀਆਂ ਦੇ ਘਰਾਂ ਤੋਂ ਇਲਾਵਾ ਬਾਇਓਜੈਨਟਿਕ ਡਰੱਗਸ ਪ੍ਰਾਈਵੇਟ ਲਿਮਿਟਡ, ਸੀਬੀ ਹੈਲਥਕੇਅਰ, ਸਿਮਲੈਕ ਫਾਰਮਾਕੇਮ ਡਰੱਗ ਇੰਡਸਟਰੀਜ, ਸੋਲ ਹੈਲਥ ਕੇਅਰ (ਆਈ) ਪ੍ਰਾਈਵੇਟ ਲਿਮਿਟਡ ਤੇ ਐਸਟਰ ਫਾਰਮਾ ਵਰਗੀਆਂ ਕੁੱਝ ਮੈਡਿਕਲ ਕੰਪਨੀਆਂ ਨੂੰ ਜਾਂਚ ਦੇ ਦਾਇਰੇ 'ਚ ਲਿਆ। ਪੰਜਾਬ ਪੁਲਿਸ ਨੇ ਪਿਛਲੇ ਸਾਲ ਕੀਤੀ ਗਈ ਕਾਰਵਾਈ ਤਹਿਤ 7 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਨਸ਼ੀਲੀ ਦਵਾ ਬਣਾਉਣ ਵਾਲੀਆਂ ਫਾਰਮਾ ਦਵਾਈਆ ਦਾ ਸਟਾਕ ਜ਼ਬਤ ਕੀਤਾ।

# ਲੋਕਾਂ ਨੂੰ ਟਰੈਫਿਕ ਨਿਯਮਾਂ ਦੇ ਪਾਠ ਪੜ੍ਹਾਉਣ ਵਾਲੀ ਕੰਪਨੀ ਦੇ ਟਰੱਕ ਦੇ ਰਹੇ ਹਨ ਹਾਦਸਿਆਂ ਨੂੰ ਸੱਦਾ

## ਸੜ੍ਹਕਾਂ ਤੇ ਜਮਦੂਤ ਬਣਕੇ ਘੁੰਮਦੇ ਹਨ,ਟੀ ਕੇ ਸਟੀਲ ਦੇ ਓਵਰ ਲੈਂਥ ਸਰੀਆ ਲੱਦੇ ਟਰੱਕ




**ਖੰਨਾ/ਲੁਧਿਆਣਾ, ਲਾਲ ਸਿੰਘ ਮਾਂਗਟ**

ਲੁਧਿਆਣਾ ਦੇ ਵਿਧਾਨ ਸਭਾ ਹਲਕਾ ਸਾਹਨੇਵਾਲ ਦੇ ਪਿੰਡ ਜੰਡਿਆਲੀ ਵਿਖੇ ਬਣੀ ਟੀ. ਕੇ ਸਟੀਲ ਕੰਪਨੀ ਵੱਲੋ ਚੰਡੀਗੜ੍ਹ ਮਾਗਰ ਉੱਤੇ ਆਪਣੀ ਫੈਕਟਰੀ ਨੂੰ ਜਾਂਦੇ ਰਸਤੇ ਨੂੰ ਦਰਸਾਉਂਦਾ ਫਲੈਕਸ ਬੋਰਡ ਜਿਸ ਉਤੇ ਲੋਕਾਂ ਨੂੰ ÷ਦੁਰਘਟਨਾ ਨਾਲੋਂ ਦੇਰ ਚੰਗੀ÷ ਦੇ ਟ?ਰੈਫਿਕ ਨਿਯਮ ਦਾ ਪਾਠ ਪੜ੍ਹਾਉਣ ਦਾ ਸਲੋਗਨ ਲਿਖਿਆ ਹੋਇਆ ਹੈ। ਜਦੋਂ ਕਿ ਅਸਲੀਅਤ ਇਸ ਦੇ ਬਿਲਕੁਲ ਉਲਟ ਹੈ ਲੋਕਾਂ ਨੂੰ ਟ?ਰੈਫਿਕ ਨਿਯਮਾਂ ਦੇ ਪਾਠ ਪੜ੍ਹਾਉਣ ਵਾਲੀ ਕੰਪਨੀ ਦੇ ਰੋਜ਼ਾਨਾ ਭਾਰੀ ਗਿਣਤੀ ਵਿੱਚ ਵਾਹਨ ਕੁਹਾੜਾ ਤੋਂ ਲੁਧਿਆਣਾ ਅਤੇ ਸਾਹਨੇਵਾਲ ਦੀਆਂ ਸੜਕਾਂ ਤੇ ਓਵਰ ਲੋਡ ਤੇ ਓਵਰ ਲੈਂਥ ਸ਼ਰੀਆ ਲੱਦ ਕੇ ਸੜ੍ਹਕਾਂ ਉਤੇ ਘੁੰਮਦੇ ਦੇਖੇ ਜਾ ਸਕਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਟ?ਰੈਫਿਕ ਨਿਯਮਾਂ ਦਾ ਪਾਠ ਪੜ੍ਹਾਉਣ ਵਾਲੀ ਇਹ ਸਟੀਲ ਕੰਪਨੀ ਆਪ ਕਿਹੜੇ ਨਿਯਮਾਂ ਦੀ ਪਾਲਣਾ ਕਰਦੀ ਹੈ ਅਤੇ ਚੌਂਕਾਂ ਵਿੱਚ ਤਾਇਨਾਤ ਟ?ਰੈਫਿਕ ਪੁਲਸ ਵੀ ਇਨ੍ਹਾਂ ਜਮਦੂਤ ਬਣ ਕੇ ਘੁੰਮ ਰਹੇ ਓਵਰ ਲੈਂਥ ਸ਼ਰੀਆ ਵਾਲੇ ਟਰੱਕ ਨੂੰ ਦੇਖ ਕੇ ਅਣਦੇਖਿਆ ਕਰ ਦਿੰਦੀ ਹੈ ਜਿਸ ਨਾਲ ਰੋਜ਼ਾਨਾ ਸੜਕ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਕਈ ਸੜਕ ਹਾਦਸਿਆਂ ਵਿੱਚ ਕਈ ਕੀਮਤੀ ਜਾਨਾਂ ਵੀ ਜਾ ਚੁੱਕੀਆਂ ਹਨ ਲੋਕਾਂ ਦੀ ਮੰਗ ਹੈਂ ਕਿ ਅਜਿਹੀਆਂ ਫੈਕਟਰੀਆਂ ਦੀਆਂ ਓਵਰ ਲੋਡ ਤੇ ਓਵਰ ਲੈਂਥ ਸ਼ਰੀਆ ਵਾਲੇ ਟਰੱਕ ਚਾਲਕਾਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇ।

**ਕੀ ਕਹਿਣਾ ਏ. ਸੀ. ਪੀ. ਟਰੈਫਿਕ ਪੁਲਿਸ ਦਾ** – ਜਦੋਂ ਇਸ ਸਬੰਧੀ ਟ?ਰੈਫਿਕ ਪੁਲਿਸ ਦੇ ਏ.ਸੀ.ਪੀ. ਗੁਰਪ੍ਰੀਤ ਸਿੰਘ ਸਿੱਧੂ ਨਾਲ ਉਹਨਾਂ ਦੇ ਮੋਬਾਇਲ ਫੋਨ ਤੇ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਹੁਣ ਸਾਡੀ ਇਲੈਕਸ਼ਨ ਡਿਊਟੀ ਚੱਲ ਰਹੀ ਹੈ ਅਸੀਂ ਇਹਨਾਂ ਖਿਲਾਫ਼ ਪਹਿਲਾਂ ਵੀ ਕਈ ਵਾਰ ਇਹਨਾਂ ਦੀਆਂ ਗੱਡੀਆਂ ਦੇ ਚਲਾਣ ਕਰ ਚੁੱਕੇ ਹਾਂ ਕੁਝ ਦਿਨ ਬਾਅਦ ਫਿਰ ਇਹਨਾਂ ਓਵਰ ਲੈਂਥ ਤੇ ਓਵਰ ਲੋਡ ਸਰੀਏ ਵਾਲੀਆਂ ਗੱਡੀਆਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ।

# ਕੁਲਾਰ ਪਬਲਿਕ ਸਕੂਲ ਖੰਨਾ ਕਿਸ਼ਨਗੜ੍ਹ ਨੇ ਪੰਜਾਬ ਸਟੇਟ ਫੈਂਸਿੰਗ ਚੈਂਪੀਅਨਸ਼ਿਪ ਵਿੱਚ ਮਾਰੀਆਂ ਮੱਲਾਂ

## ਫੈਂਸਿੰਗ ਵਰਗੀਆਂ ਖੇਡਾਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ ਅਤੇ ਜੋਸ਼ ਕਰਦੀਆਂ ਨੇ ਪੈਦਾ - ਡਾਕਟਰ ਕੁਲਾਰ

**ਖੰਨਾ/ਬੀਜਾਂ, ਲਾਲ ਸਿੰਘ ਮਾਂਗਟ**

ਖੰਨਾ ਇਲਾਕੇ ਲਈ ਇਹ ਇੱਕ ਇਤਿਹਾਸਕ ਪਲ ਹੈ ਕਿ ਕੁਲਾਰ ਪਬਲਿਕ ਸਕੂਲ ਖੰਨਾ ਕਿਸ਼ਨਗੜ੍ਹ (ਕੇ ਪੀ ਐੱਸ ਖੰਨਾ ) ਜੋ ਕਿ ਇਲਾਕੇ ਦਾ ਪਹਿਲਾ ਆਈ ਸੀ ਐੱਸ.ਈ.ਸਕੂਲ ਹੈ ਦੇ12 ਵਿਦਿਆਰਥੀਆਂ ਨੇ ਲੁਧਿਆਣਾ ਵਿਖੇ ਪੰਜਾਬ ਸਟੇਟ ਫੈਂਸਿੰਗ ਚੈਂਪਿਅਨਸ਼ਿਪ ਵਿੱਚ ਹਿੱਸਾ ਲਿਆ, ਜੋ ਕਿ ਪੰਜਾਬ ਫੈਂਸਿੰਗ ਅਸੋਸੀਏਸ਼ਨ ਵੱਲੋਂ ਬੀਤੀ ਦਿਨੀ ਕਰਵਾਈ ਗਈ ਸੀ। ਜਿਸ ਵਿਚ ਗੁਰਨੀਤ ਕੌਰ (ਛੇਵੀਂ), ਜੈਇੰਦਰ ਕੌਰ ਸੇਖੋਂ (ਛੇਵੀਂ), ਕੰਵਰਜੀਤ ਸਿੰਘ ਸੇਖੋਂ (ਚੌਥੀ), ਹਰਨੂਰ ਕੌਰ (ਛੇਵੀਂ), ਹਰਜਾਪ ਕੌਰ (ਦੂਜੀ), ਮੌਲਿਕ ਸ਼ਰਮਾ (ਪੰਜਵੀਂ), ਜਸਲੀਨ ਕੌਰ (ਦੂਜੀ), ਰੁਦਰ ਪ੍ਰਤਾਪ ਟੰਡਨ (ਦੂਜੀ), ਸਿਮਰਦੀਪ ਕੌਰ (ਦੂਜੀ), ਬੀਰ ਪ੍ਰਤਾਪ ਅਲੂਨਾ (ਚੌਥੀ), ਖੁਸ਼ਲੀਨ ਕੌਰ (ਪੰਜਵੀਂ), ਅਤੇ ਗੁਰਕੀਰਤ ਸਿੰਘ (ਪੰਜਵੀਂ) ਨੇ ਹਿੱਸਾ ਲਿਆ। ਸਕੂਲ ਦੇ ਚਾਰ ਵਿਦਿਆਰਥੀ ਬੀਰ ਪ੍ਰਤਾਪ ਅਲੂਨਾ ਨੇ ਗੋਲਡ ਮੈਡਲ, ਜਸਲੀਨ ਕੌਰ ਨੇ ਸਿਲਵਰ ਮੈਡਲ, ਜੈਇੰਦਰ ਕੌਰ ਸੇਖੋਂ ਨੇ ਤਾਂਬੇ ਦਾ ਮੈਡਲ, ਕੰਵਰਜੀਤ ਸਿੰਘ ਸੇਖੋਂ ਨੇ ਤਾਂਬੇ ਦਾ ਮੈਡਲ ਜਿੱਤਿਆ।ਇਹਨਾਂ ਚਾਰਾਂ ਤਮਗਾ ਜੇਤੂ ਵਿਦਿਆਰਥੀਆਂ ਨੇ ਨੇਸ਼ਨਲ ਫੈਂਸਿੰਗ ਚੈਂਪਿਅਨਸ਼ਿਪ ਲਈ ਵੀ ਕੁਆਲਿਫਾਈ ਕਰ ਲਿਆ ਹੈ। ਜੋ ਕਿ ਨਾ ਸਕੂਲ ਲਈ, ਸਗੋਂ ਪੂਰੇ ਇਲਾਕੇ ਲਈ ਮਾਣ ਦੀ ਗੱਲ ਹੈ।ਕੁਲਾਰ ਪਬਲਿਕ ਸਕੂਲ ਖੰਨਾ ਨਾ ਸਿਰਫ ਅੰਤਰਰਾਸ਼ਟਰੀ ਮਿਆਰ ਦੀ ਸਿੱਖਿਆ ਦਿੰਦਾ ਹੈ, ਸਗੋਂ ਖੇਡਾਂ ਅਤੇ ਸਹਿਯੋਗੀ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਵੱਲ ਵੀ ਸਮਰਪਿਤ ਹੈ। ਇਸ ਮੌਕੇ ਪ੍ਰਿੰਸਿਪਲ ਮੈਡਮ ਰੇਵਾ ਟੰਡਨ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਕੋਚ ਮੈਡਮ ਮਨੀਸ਼ਾ ਧੰਕੜ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਲੰਮੀ ਮਿਹਨਤ ਅਤੇ ਘੱਟ ਸਮੇਂ ਵਿੱਚ ਦਿੱਤੀ ਟ?ਰੇਨਿੰਗ ਨਾਲ ਸਕੂਲ ਨੂੰ ਮਾਣ ਹਾਸਲ ਹੋਇਆ ਹੈ।ਚੇਅਰਮੈਨ ਪ੍ਰੋ. ਗੁਰਬਖਸ਼ ਸਿੰਘ ਬੀਜਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਤਮਗਾ ਜੇਤੂ ਵਿਦਿਆਰਥੀਆਂ ਨੂੰ ਵਿਸ਼ੇਸ਼ ਸ਼ਾਬਾਸ਼ੀ ਦਿੱਤੀ। ਸਕੂਲ ਦੇ ਪ੍ਰਧਾਨ ਡਾਕਟਰ ਕੁਲਦੀਪਕ ਸਿੰਘ ਕੁਲਾਰ ਨੇ ਕਿਹਾ ਫੈਂਸਿੰਗ ਵਰਗੀਆਂ ਖੇਡਾਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ ਅਤੇ ਜੋਸ਼ ਪੈਦਾ ਕਰਦੀਆਂ ਹਨ।ਡਾਇਰੈਕਟਰ ਰੁਪਿੰਦਰ ਸਿੰਘ ਬੈਨੀਪਾਲ ਨੇ ਵੀ ਪੂਰੀ ਟੀਮ ਨੂੰ ਵਧਾਈ ਦਿੱਤੀ ਅਤੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀ ਭੂਮਿਕਾ ਦੀ ਸਰਾਹਨਾ ਕੀਤੀ।




# ਪਿੰਡ ਚਾਵਾ ਵਿਖੇ ਦਸਤਾਰ ਸਿਖਲਾਈ ਕੈਂਪ ਚ ਬੱਚਿਆਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਬਣਾਉਣਾ

## ਅਸੀਂ ਦਸਤਾਰ ਨੂੰ ਇੱਕ ਵਾਰ ਸਜਾਉਂਦੇ ਹਾਂ ਅਤੇ ਦਸਤਾਰ ਸਾਨੂੰ ਸਾਰਾ ਦਿਨ ਸਜਾ ਕੇ ਰੱਖਦੀ

**ਬੀਜਾ, ਲਾਲ ਸਿੰਘ ਮਾਂਗਟ**

ਸਥਾਨਿਕ ਪਿੰਡ ਚਾਵਾ ਵਿਖੇ ਕੁਲਵਿੰਦਰ ਸਿੰਘ ਕਰਨ ਦੀ ਅਗਵਾਈ ਹੇਠ ਬੱਚਿਆਂ ਨੂੰ ਸਿੱਖੀ ਸਿਧਾਂਤਾਂ ਦੇ ਨਾਲ ਜੋੜਨ ਦੇ ਉਦੇਸ਼ ਨੂੰ ਲੈ ਕੇ ਦਸਤਾਰ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਦਸਤਾਰ ਕੋਚ ਸਾਗਰ ਸਿੰਘ ਭੌਰਲਾ ਨੇ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ। ਸਰਪੰਚ ਸੁਖਵਿੰਦਰ ਸਿੰਘ ਚਾਵਾ ਨੇ ਦਸਤਾਰ ਕੋਚ ਅਤੇ ਬੱਚਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ ਮੈਡਲ ਦੇ ਕੇ ਸਨਮਾਨਿਤ ਕੀਤਾ। ਇਸ ਸਮੇਂ ਕੁਲਵਿੰਦਰ ਸਿੰਘ ਕਰਨ ਨੇ ਆਖਿਆ ਕਿ ਸਾਡਾ ਉਦੇਸ਼ ਬੱਚਿਆਂ ਨੂੰ ਪਤਿਤਪਣੇ , ਨਸਿਆ ਅਤੇ ਬੁਰਾਈਆਂ ਤੋਂ ਦੂਰ ਕਰਕੇ ਗੁਰੂ ਉਪਦੇਸ਼ਾਂ ਸਿਖਿਆਵਾਂ,ਗੁਰਬਾਣੀ ਅਤੇ ਬਾਣੇ ਦੇ ਧਾਰਨੀ ਬਣਾਉਣਾ ਹੈ। ਉਹਨਾਂ ਆਖਿਆ ਕਿ ਗੁਰੂ ਸਾਹਿਬਾਨਾਂ ਦੁਆਰਾ ਬਖਸ਼ਿਸ਼ ਦਸਤਾਰ ਸਿੱਖ ਕੌਮ ਦੀ ਸਾਨ ਹੈ ਅਤੇ ਆਪਣੇ ਵਿਰਸੇ ਨੂੰ ਸੰਭਾਲ ਕੇ ਰੱਖਣਾ ਸਾਡਾ ਫਰਜ਼ ਬਣਦਾ ਹੈ। ਉਹਨਾਂ ਆਖਿਆ ਕਿ ਅਸੀਂ ਦਸਤਾਰ ਨੂੰ ਇੱਕ ਵਾਰ ਸਜਾਉਂਦੇ ਹਾਂ ਅਤੇ ਦਸਤਾਰ ਸਾਨੂੰ ਸਾਰਾ ਦਿਨ ਸਜਾ ਕੇ ਰੱਖਦੀ ਹੈ। ਇਸ ਸਮੇਂ ਰਛਪਾਲ ਸਿੰਘ , ਗੁਰਮੀਤ ਸਿੰਘ, ਸੁਖਵਿੰਦਰ ਸਿੰਘ , ਦਲਵਾਰਾ ਸਿੰਘ, ਪ੍ਰੀਤਮ ਸਿੰਘ, ਬਲਵੀਰ ਸਿੰਘ, ਨਰਿੰਦਰ ਸਿੰਘ, ਜਗਤਾਰ ਸਿੰਘ , ਹਰਪ੍ਰੀਤ ਸਿੰਘ, ਮੱਘਰ ਸਿੰਘ, ਦੀਨ ਦਿਆਲ ਸਿੰਘ, ਰਮਨਦੀਪ ਸਿੰਘ, ਸੁਖਦੀਪ ਸਿੰਘ , ਖੁਸ਼ਵਿੰਦਰ ਸਿੰਘ, ਗੋਗੀ ਸਿੰਘ, ਪ੍ਰੀਤਮ ਸਿੰਘ, ਰਮਨਦੀਪ ਸਿੰਘ, ਕਰਨਵੀਰ ਸਿੰਘ, ਯੁਵਰਾਜ ਸਿੰਘ, ਕਰਨ ਸਿੰਘ, ਹਰਮਨਦੀਪ ਸਿੰਘ, ਸੁਖਦੀਪ ਸਿੰਘ, ਪਿੰਡ ਦੇ ਸਾਬਕਾ ਸਰਪੰਚ, ਮੌਜੂਦਾ ਸਰਪੰਚ, ਪੰਚਾਇਤ ਮੈਂਬਰ, ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸਾਹਿਬਾਨ ਅਤੇ ਨਗਰ ਨਿਵਾਸੀ ਹਾਜ਼ਰ ਸਨ।



# ਸਾਨੂੰ ਕਦੇ ਵੀ ਗੁਰੂਆਂ ਦੁਆਰਾ ਕੀਤੀਆਂ ਗਈਆਂ ਸ਼ਹੀਦੀਆਂ ਨੂੰ ਭੁੱਲਣਾ ਨਹੀ ਚਾਹੀਦਾ : ਡਾ. ਹਰਜੀਤ. ਭੁਪਿੰਦਰ

## ਐਸ. ਐਸ ਮੈਡੀਸਿਟੀ ਹਸਪਤਾਲ ਵਲੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਗਾਈ ਗਈ ਛਬੀਲ



**ਹੁਸ਼ਿਆਰਪੁਰ / ਮੁਕੇਰੀਆਂ /ਤਰਸੇਮ ਦੀਵਾਨਾ**

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ ਪਾਤਸ਼ਾਹੀ ਪੰਜਵੀ ਧੰਨ- ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮ?ਰਪਿਤ ਐਸ. ਐਸ ਮੈਡੀਸਿਟੀ ਹਸਪਤਾਲ ਤਲਵਾੜਾ ਰੋਡ ਨਜਦੀਕ ਆਈ. ਟੀ. ਆਈ ਡਾਕਟਰ ਹਰਜੀਤ ਸਿੰਘ ਅਤੇ ਉੱਘੇ ਸਮਾਜ ਸੇਵਕ ਭੁਪਿੰਦਰ ਸਿੰਘ ਪਿੰਕੀ ਵਲੋਂ ਕੜਾਹ ਪ੍ਰਸਾਦਿ, ਛੋਲਿਆ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਜਿਸ ਦੀ ਸੁਰੂਆਤ ਤੋਂ ਪਹਿਲਾ ਵਾਹਿਗੁਰੂ ਜੀ ਦੇ ਸ਼ੁਕਰਾਨੇ ਦੀ ਅਰਦਾਸ ਤੋਂ ਉਪਰੰਤ ਐਸ. ਐਸ ਮੈਡੀਸਿਟੀ ਹਸਪਤਾਲ ਡਾ. ਹਰਜੀਤ ਸਿੰਘ ਅਤੇ ਭੁਪਿੰਦਰ ਸਿੰਘ ਪਿੰਕੀ ਵਲੋਂ ਛਬੀਲ ਵਰਤਾਉਣ ਦੀ ਸੇਵਾ ਸੁਰੂ ਕਰਵਾਈ ਗਈ ਜਿਸ ਵਿੱਚ ਆਉਂਦੇ ਜਾਂਦੇ ਰਾਹਗੀਰਾਂ ਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਵਾਹਿਗੁਰੂ ਜੀ ਦਾ ਪ੍ਰਸਾਦਿ ਤੇ ਜਲ ਛਕਾਇਆ ਗਿਆ । ਇਸ ਮੋਕੇ ਤੇ ਡਾ. ਹਰਜੀਤ ਸਿੰਘ ਅਤੇ ਉੱਘੇ ਸਮਾਜ ਸੇਵਕ ਭੁਪਿੰਦਰ ਸਿੰਘ ਪਿੰਕੀ ਨੇ ਆਖਿਆ ਕਿ ਗੁਰੂਆ ਨੇ ਬਿਨਾ ਜਾਨ ਦੀ ਪ੍ਰਵਾਹ ਕੀਤੇ ਧਰਮ ਦੀ ਖਾਤਰ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ ਤੇ ਸਾਨੂੰ ਕਦੇ ਵੀ ਗੁਰੂਆਂ ਦੁਆਰਾ ਕੀਤੀਆਂ ਗਈਆਂ ਸ਼ਹੀਦੀਆਂ ਨੂੰ ਭੁੱਲਣਾ ਨਹੀ ਚਾਹੀਦਾ ਸਗੋਂ ਰਲ ਮਿਲਕੇ ਸਾਨੂੰ ਗੁਰੂਆਂ ਦੀਆਂ ਸ਼ਹਾਦਤਾਂ ਨੂੰ ਧਿਆਨ ’ਚ ਰੱਖਦੇ ਹੋਏ ਸੇਵਾ ਕਰਦੇ ਰਹਿਣਾ ਚਾਹੀਦਾ ਹੈ । ਇਸ ਮੋਕੇ ਤੇ ਡਾ. ਹਰਜੀਤ ਸਿੰਘ, ਭੁਪਿੰਦਰ ਸਿੰਘ ਪਿੰਕੀ, ਸਤਨਾਮ ਸਿੰਘ ਧਾਮੀਆ, ਮਨਜਿੰਦਰ ਸਿੰਘ ਹਾਜੀਪੁਰ,ਬਲਵਿੰਦਰ ਸਿੰਘ, ਤਰਲੋਚਨ ਸਿੰਘ ਬਿੰਦਾ, ਇੰਦਰਜੀਤ ਸਿੰਘ, ਗੁਰਵਿੰਦਰ ਸਿੰਘ ਭੁੱਲਰ ਅਤੇ ਐਸ. ਐਸ ਮੈਡੀਸਿਟੀ ਹਸਪਤਾਲ ਸਟਾਫ਼ ਵਲੋਂ ਸੇਵਾ ਨਿਭਾਈ ਗਈ।

# ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ 20 ਜੂਨ ਦਿਨ ਸ਼ੁੱਕਰਵਾਰ ਨੂੰ ਲਗਾਇਆ ਜਾਵੇਗਾ ਪਲੇਸਮੈਂਟ ਕੈਂਪ

**ਅੰਮ੍ਰਿਤਸਰ/ਮਲਕੀਅਤ ਸਿੰਘ**

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜਗਾਰ ਦੇਣ ਅਤੇ ਸਵੈ-ਰੋਜਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ, ਇਹਨਾਂ ਸ਼ਬਦਾ ਦਾ ਪ੍ਰਗਟਾਵਾ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)-ਕਮ-ਮੁੱਖ ਕਾਰਜਕਾਰੀ ਅਫ਼ਸਰ ਡੀ.ਬੀ.ਈ.ਈ. ਅੰਮ੍ਰਿਤਸਰ ਸ਼੍ਰੀ ਮੇਜਰ ਅਮਿਤ ਸਰੀਨ ਨੇ ਦੱਸਿਆ ਕਿ 20 ਜੂਨ 2025 ਦਿਨ ਸ਼ੁੱਕਰਵਾਰ ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਅੰਮ੍ਰਿਤਸਰ ਵੱਲੋਂ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਰੁਜ਼ਗਾਰ ਅਫ਼ਸਰ ਸ੍ਰੀ ਮੁਕੇਸ਼ ਸਾਰੰਗਲ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਵਰਧਮਾਨ ਯਰਨਜ਼ ਅਤੇ ਥਰੈਡਜ਼ ਅਧਾਰਿਤ ਕੰਪਨੀ ਵੱਲੋਂ ਮਸ਼ੀਨ ਆਪਰੇਟਰ ਦੀ ਅਸਾਮੀ ਲਈ ਲੜਕੇ/ਲੜਕੀਆਂ ਦੀ ਚੋਣ ਕੀਤੀ ਜਾਵੇਗੀ। ਇਸ ਅਸਾਮੀ ਲਈ ਯੋਗਤਾ ਘੱਟੋ-ਘੱਟ ਮੈਟ੍ਰਿਕ ਪਾਸ ਹੋਣੀ ਜ਼ਰੂਰੀ ਹੈ। ਇਸ ਅਸਾਮੀ ਲਈ ਉਮਰ ਹੱਦ 18 ਤੋਂ 27 ਸਾਲ ਰਹੇਗੀ। ਮਸ਼ੀਨ ਆਪਰੇਟਰ ਦੀ ਅਸਾਮੀ ਲਈ ਤਨਖਾਹ ਪ੍ਰਤੀ ਮਹੀਨਾ 12500 ਰੁ. +ਬੋਨਸ + ਪੀ ਐਫ + ਈ ਐਸ ਆਈ + ਪ੍ਰੋਤਸਾਹਨ ਅਤੇ ਕਮਾਈ ਛੁੱਟੀ,ਅਚਨਚੇਤ ਛੁੱਟੀ ਅਤੇ ਗ੍ਰਜੂਏਟੀ ਦੀ ਸਹੂਲਤ ਮਿਲਣਯੋਗ ਹੋਵੇਗੀ। ਡਿਪਟੀ ਸੀ.ਓ ਸ੍ਰੀ ਤੀਰਥਪਾਲ ਸਿੰਘ ਨੇ ਦੱਸਿਆ ਕਿ ਇਹਨਾਂ ਅਸਾਮੀਆਂ ਲਈ ਨੌਕਰੀ ਕਰਨ ਦੀ ਲੋਕੇਸ਼ਨ ਅੰਮ੍ਰਿਤਸਰ ਆਸ-ਪਾਸ ਰਹੇਗੀ। ਪ੍ਰਾਰਥੀ ਆਪਣੇ ਨਾਲ ਆਪਣਾ ਬਾਇਓਡਾਟਾ, ਵਿਦਿਅਕ ਯੋਗਤਾ ਦੇ ਸਰਟੀਫਿਕੇਟ, ਅਧਾਰ ਕਾਰਡ, ਪਾਸਪੋਰਟ ਸਾਈਜ਼ ਫੋਟੋ, ਪੈਨ ਕਾਰਡ ਆਦਿ ਲੈ ਕੇ 20-06-2025, ਦਿਨ ਸ਼ੁੱਕਰਵਾਰ ਨੂੰ ਸਵੇਰੇ 10.00 ਵਜੇ, ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਅੰਮ੍ਰਿਤਸਰ ਵਿਖੇ ਪਹੁੰਚ ਸਕਦੇ ਹਨ। ਪ੍ਰਬੰਧਕੀ ਸ਼ਾਖਾ ਤੋਂ ਸ੍ਰੀ ਹਰਜੀਤ ਸਿੰਘ ਨੰਗਲ ਸੋਹਲ ਨੇ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਦਫਤਰ ਦੇ ਮੋਬਾਇਲ ਨੰਬਰ 9915789068 ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਮਹਾਰਾਸ਼ਟਰ ਦੀ ਦੇਵੇਂਦਰ ਫੜਨਵੀਸ ਸਰਕਾਰ ਸਿੱਖ ਭਾਈਚਾਰੇ ਅਤੇ ਘਟ ਗਿਣਤੀਆਂ ਦੇ ਕਲਿਆਣ ਲਈ ਵਚਨਬੱਧ : ਜਸਪਾਲ ਸਿੰਘ ਸਿੱਧੂ



**ਅੰਮ੍ਰਿਤਸਰ / ਅੰਮ੍ਰਿਤਾ ਭਗਤ**

ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਹੇਠ ਮਹਾਰਾਸ਼ਟਰ ਸਰਕਾਰ ਸਿੱਖ ਭਾਈਚਾਰੇ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ ਲਈ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਇਹ ਪਹਿਲਾ ਮੌਕਾ ਹੈ ਜਦੋਂ ਰਾਜ ਘੱਟ ਗਿਣਤੀ ਵਿਕਾਸ ਵਿਭਾਗ ਨੇ ਸਰਕਾਰ ਦੁਆਰਾ ਖਾਸ ਤੌਰ ’ਤੇ ਸਿੱਖ ਭਾਈਚਾਰੇ ਅਤੇ ਘੱਟ ਗਿਣਤੀਆਂ ਲਈ ਚਲਾਈਆਂ ਜਾ ਰਹੀਆਂ ਘੱਟ ਗਿਣਤੀ ਭਲਾਈ ਯੋਜਨਾਵਾਂ ’ਤੇ ਵਰਕਸ਼ਾਪ ਆਯੋਜਿਤ ਕਰਕੇ ਆਪਣੇ ਆਪ ਵਿੱਚ ਇੱਕ ਇਤਿਹਾਸਕ ਕਦਮ ਚੁੱਕਿਆ ਹੈ। ਇਹ ਵਰਕਸ਼ਾਪ ਘੱਟ ਗਿਣਤੀ ਵਿਕਾਸ ਵਿਭਾਗ ਦੁਆਰਾ ਮਹਾਰਾਸ਼ਟਰ ਪੰਜਾਬੀ ਸਾਹਿਤ ਅਕੈਡਮੀ, ਰਾਜ ਘੱਟ ਗਿਣਤੀ ਕਮਿਸ਼ਨ ਅਤੇ 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਦੇ ਸਹਿਯੋਗ ਨਾਲ ਸਰਕਾਰੀ ਸਹਿਯਾਦਰੀ ਗੈਸਟ ਹਾਊਸ, ਮੁੰਬਈ ਵਿਖੇ ਆਯੋਜਿਤ ਕੀਤੀ ਗਈ ਸੀ। ਇਸ ਵਰਕਸ਼ਾਪ ਦੀ ਪ੍ਰਧਾਨਗੀ ਰਾਜ ਦੇ ਮੁੱਖ ਸਕੱਤਰ ਸ਼੍ਰੀ ਰੁਚਿਸ਼ ਜੈਵੰਸ਼ੀ ਨੇ ਕੀਤੀ ਅਤੇ ਇਸ ਵਿੱਚ 11 ਮੈਂਬਰੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਸ਼੍ਰੀ ਜਸਪਾਲ ਸਿੰਘ ਸਿੱਧੂ, ਮਹਾਰਾਸ਼ਟਰ ਪੰਜਾਬੀ ਸਾਹਿਤ ਅਕੈਡਮੀ ਦੇ ਕਾਰਜਕਾਰੀ ਚੇਅਰਮੈਨ ਸ਼੍ਰੀ ਬਲ ਮਲਕੀਤ ਸਿੰਘ, ਮਹਾਰਾਸ਼ਟਰ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਸ਼੍ਰੀ ਚਰਨਦੀਪ ਸਿੰਘ ਹੈਪੀ ਤੋਂ ਇਲਾਵਾ ਨਾਸਿਕ, ਨਾਗਪੁਰ, ਪੁਣੇ, ਨਾਂਦੇੜ, ਹਿੰਗੋਲੀ, ਮੁੰਬਈ, ਐਮਐਮਆਰ ਅਤੇ ਨਵੀਂ ਮੁੰਬਈ ਦੇ ਪਤਵੰਤੇ ਸ਼ਾਮਲ ਹੋਏ। ਵਰਕਸ਼ਾਪ ਬਹੁਤ ਉਪਯੋਗੀ ਅਤੇ ਜਾਣਕਾਰੀ ਭਰਪੂਰ ਸੀ, ਜਿਸ ਰਾਹੀਂ ਭਾਈਚਾਰੇ ਦੇ ਮੈਂਬਰਾਂ ਨੂੰ ਸਰਕਾਰੀ ਯੋਜਨਾਵਾਂ ਬਾਰੇ ਬਰੀਕੀ ਨਾਲ ਜਾਣਕਾਰੀ ਦਿੱਤੀ ਗਈ, ਜੋ ਭਵਿੱਖ ਵਿੱਚ ਉਨ੍ਹਾਂ ਲਈ ਮਦਦਗਾਰ ਸਾਬਤ ਹੋਣਗੀਆਂ।

ਇਸ ਮੌਕੇ ਵਰਕਸ਼ਾਪ ਦੇ ਪ੍ਰਬੰਧਕ ਅਤੇ 11 ਮੈਂਬਰੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਸ਼੍ਰੀ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਮਹਾਰਾਸ਼ਟਰ ਦੀ ਦੇਵੇਂਦਰ ਫੜਨਵੀਸ ਸਰਕਾਰ ਸਿੱਖ ਭਾਈਚਾਰੇ ਅਤੇ ਘੱਟ ਗਿਣਤੀਆਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਹੁਣ ਆਗੂਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਰਕਾਰੀ ਯੋਜਨਾਵਾਂ ਦੀ ਜਾਣਕਾਰੀ ਦੂਜੇ ਲੋਕਾਂ ਤੱਕ ਪਹੁੰਚਾਉਣ ਤਾਂ ਜੋ ਸਮੁੱਚਾ ਸਿੱਖ ਭਾਈਚਾਰਾ ਸਰਕਾਰ ਦੀਆਂ ਘੱਟ ਗਿਣਤੀ ਯੋਜਨਾਵਾਂ ਦਾ ਲਾਭ ਲੈ ਸਕਣ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਪ੍ਰਤੀ ਸਰਕਾਰ ਦੀ ਇੱਕ ਇਤਿਹਾਸਕ ਪਹਿਲ ਕਦਮੀ ਹੈ। ਉਨ੍ਹਾਂ ਨੇ ਏਕਤਾ, ਏਕਤਾ ਅਤੇ ਜਾਗਰੂਕਤਾ ਨਾਲ ਭਵਿੱਖ ਵੱਲ ਵਧਣ ਦਾ ਸੱਦਾ ਦਿੱਤਾ।

# ਵਾਇਸ ਆਫ ਦਾ ਪੀਪਲਜ਼ ਅਤੇ ਬਲੱਡ ਡੋਨਰਜ਼ ਕਲੱਬ ਇਲਾਕਾ ਬੀਤ ਵੱਲੋਂ ਸਵੈ ਇਛੁੱਕ ਖੂਨਦਾਨ ਕੈਂਪ ਲਗਾਇਆ



**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਵਾਇਸ ਆਫ ਦਾ ਪੀਪਲਜ਼ ਅਤੇ ਬਲੱਡ ਡੋਨਰਜ਼ ਕਲੱਬ ਇਲਾਕਾ ਬੀਤ (ਪੰਜਾਬ ਤੇ ਹਿਮਾਚਲ) ਵੱਲੋਂ ਅੱਡਾ ਝੁੰਗੀਆਂ ਵਿਖੇ ਸਵੈ ਇਛੁੱਕ ਖੂਨਦਾਨ ਕੈਂਪ ਲਗਾਇਆ ਗਿਆ। ਵਾਇਸ ਆਫ ਪੀਪਲਜ਼ ਦੇ ਕਨਵੀਨਰ ਅਜਾਇਬ ਸਿੰਘ ਬੋਪਾਰਾਏ ਅਤੇ ਕੋ-

**ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਮੋਹਤਬਰ ਸਖਸ਼ੀਅਤਾਂ ਨੇ ਲਗਾਈ ਹਾਜ਼ਰੀ**

ਕਨਵੀਨਰ ਰਾਕੇਸ਼ ਪ੍ਰਜਾਪਤੀ ਦੀ ਅਗਵਾਈ ਹੇਠ ਅਤੇ ਬਲੱਡ ਡੋਨਰਜ਼ ਕਲੱਬ ਇਲਾਕਾ ਬੀਤ ਦੇ ਸਹਿਯੋਗ ਨਾਲ ਲਗਾਏ ਇਸ ਖ਼ਾਨਦਾਨ ਕੈਂਪ ਵੱਡੀ ਗਿਣਤੀ ਵਿੱਚ ਇਲਾਕੇ ਦੇ ਨੌਜਵਾਨਾਂ ਨੇ ਪਹੁੰਚ ਕੇ ਖੂਨਦਾਨ ਕੀਤਾ।

ਮਾਤਾ ਸ਼ੀਤਲਾ ਮੰਦਿਰ ਅੱਡਾ ਝੁੰਗੀਆਂ ਵਿਖੇ ਪੀਜੀਆਈ ਚੰਡੀਗੜ੍ਹ ਦੇ ਤਕਨੀਕੀ ਸਹਿਯੋਗ ਨਾਲ ਲਗਾਏ ਇਸ ਸਵੈ ਇਛੁੱਕ ਖੂਨਦਾਨ ਕੈਂਪ ਵਿੱਚ ਇਲਾਕੇ ਦੀਆਂ ਮੋਹਤਬਰ ਸਖਸ਼ੀਅਤਾਂ ਨੇ ਪਹੁੰਚ ਕੇ ਪ੍ਰਬੰਧਕਾਂ ਦੀ ਹੌਂਸਲਾ ਅਫਜ਼ਾਈ ਕੀਤੀ।ਇਸ ਮੌਕੇ ਅਜਾਇਬ ਸਿੰਘ ਬੋਪਾਰਾਏ ਨੇ ਦੱਸਿਆ ਕਿ ਪੀਜੀਆਈ ਚੰਡੀਗੜ੍ਹ ਵਿਖੇ ਮਰੀਜ਼ਾਂ ਦੀ ਲਗਾਤਾਰ ਵੱਧ ਰਹੀ ਗਿਣਤੀ ਨੂੰ ਦੇਖਦੇ ਹੋਏ ਉਥੇ ਖੂਨ ਦੀ ਭਾਰੀ ਕਮੀਂ ਹੈ। ਜਿਸ ਦੇ ਮੱਦੇਨਜਰ ਸਾਡੇ ਵਲੋਂ ਇਹ ਇੱਕ ਛੋਟਾ ਜਿਹਾ ਉਪਰਾਲਾ ਕੀਤਾ ਗਿਆ ਹੈ। ਜਿਸ ਨੂੰ ਸਫਲ ਬਣਾਉਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਇਸ ਮੌਕੇ ਪ੍ਰਬੰਧਕਾਂ ਵੱਲੋਂ ਖੂਨਦਾਨ ਕਰਨ ਵਾਲੇ ਨੌਜਵਾਨਾਂ ਅਤੇ ਮੋਹਤਬਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਅਜਾਇਬ ਸਿੰਘ ਬੋਪਾਰਾਏ, ਰਾਕੇਸ਼ ਪ੍ਰਜਾਪਤੀ, ਕਾਂਗਰਸ ਦੇ ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ, ਭਾਜਪਾ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ, ਨਗਰ ਕੌਂਸਲ ਗੜ੍ਹਸ਼ੰਕਰ ਦੇ ਸਾਬਕਾ ਪ੍ਰਧਾਨ ਰਜਿੰਦਰ ਸਿੰਘ ਸ਼ੂਕਾ, ਗੁਰਨੇਕ ਸਿੰਘ ਭੱਜਲ, ਮਹਿੰਦਰ ਸਿੰਘ ਵੱਡੋਆਣ, ਕਮਲ ਕਟਾਰੀਆ ਅਤੇ ਜਗਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਮੋਹਤਬਰ ਸਖਸ਼ੀਅਤਾਂ ਹਾਜ਼ਰ ਸਨ।

# ਗੜ੍ਹਸ਼ੰਕਰ ’ਚ ਅਮਨ ਕਾਨੂੰਨ ਦੀ ਸਥਿਤੀ ਦਾ ਨਿੱਕਲਿਆ ਜਨਾਜਾ: ਅਮਰਪ੍ਰੀਤ ਲਾਲੀ

**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਅਮਨ ਕਾਨੂੰਨ ਦੀ ਸਥਿਤੀ ਦਾ ਪੂਰੀ ਤਰ੍ਹਾਂ ਜਨਾਜ਼ਾ ਨਿੱਕਲ ਚੁੱਕਾ ਹੈ ਅਤੇ ਲੋਕਾਂ ਦਾ ਪ੍ਰਸ਼ਾਸਨ ਤੋ ਯਕੀਨ ਉੱਠ ਚੁੱਕਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਅਤੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਮੈਂਬਰ ਅਮਰਪ੍ਰੀਤ ਸਿੰਘ ਲਾਲੀ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ ਗਿਆ। ਅਮਰਪ੍ਰੀਤ ਲਾਲੀ ਨੇ ਕਿਹਾ ਕਿ ਬੀਤੀ ਰਾਤ ਸ਼ਾਹਪੁਰ ਘਾਟੇ ਕੋਲ 20 ਸਾਲਾਂ ਨੌਜਵਾਨ ਆਰਿਅਨ ਕੁਮਾਰ ਦਾ ਬੇਰਹਿਮੀ ਨਾਲ ਕੀਤਾ ਗਿਆ ਕਤਲ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਲਾਕੇ ਵਿੱਚ ਲਾਅ ਐਂਡ ਆਰਡਰ ਨਾਮ ਦੀ ਵਿਵਸਥਾ ਖ਼ਤਮ ਹੋ ਚੁੱਕੀ ਹੈ। ਉਹਨਾਂ ਕਿਹਾ ਕਿ ਵੈਸੇ ਤਾਂ ਅਮਨ ਕਾਨੂੰਨ ਦੀ ਸਥਿਤੀ ਬਣਾਏ ਰੱਖਣਾ ਪ੍ਰਸ਼ਾਸ਼ਨ ਦਾ ਕੰਮ ਹੈ ਪਰ ਰਾਜਨੀਤਕ ਰਸੂਖ ਵਰਤਕੇ ਬਾਰ-ਬਾਰ ਨਿਕੰਮੇ ਅਫ਼ਸਰ ਲਗਵਾਉਣ ਵਾਲਾ ਹਲਕਾ ਵਿਧਾਇਕ ਇਸ ਸਥਿਤੀ ਲਈ ਸਿੱਧੇ ਤੌਰ ਤੇ ਜ਼ਿੰਮੇਵਾਰ ਹੈ ਅਤੇ ਉਸਨੂੰ ਗੜ੍ਹਸ਼ੰਕਰ ਦੀ ਜਨਤਾ ਤੋਂ ਮਾਫੀ ਮੰਗਣੀ ਚਾਹੀਦੀ ਹੈ।

ਅਮਰਪ੍ਰੀਤ ਲਾਲੀ ਨੇ ਕਿਹਾ ਕਿ ਦੁਆਬੇ ਦੀ ਧਰਤੀ ਦਾ ਸੁੱਖ-ਸ਼ਾਂਤੀ ਵਾਲਾ ਗੜ੍ਹਸ਼ੰਕਰ ਇਲਾਕਾ ਅੱਜ ਗੈਰ ਕਾਨੂੰਨੀ ਕੰਮਾਂ ਦੀ ਮੰਡੀ ਬਣ ਚੁੱਕਾ ਹੈ। ਨੂਰਪੁਰ ਜੱਟਾਂ ਵਿੱਚ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਹੁਣ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਮੂਰਤੀ ਦਾ ਨੁਕਸਾਨ ਚਰਚਾ ਵਿੱਚ ਹੀ ਸੀ ਕਿ ਬੀਤੀ ਰਾਤ ਅਰਿਅਨ ਦਾ ਕਤਲ ਹੋ ਗਿਆ। ਉਨ੍ਹਾਂ ਕਿਹਾ ਕਿ ਲੁੱਟਾਂ-ਖੋਹਾਂ ਅਤੇ ਕਤਲੋ ਗਾਰਤ ਸ਼ਰੇਆਮ ਹੋ ਰਹੀ ਹੈ ਅਤੇ ਲੋਕ ਡਰ ਦੇ ਮਹੌਲ ਵਿੱਚ ਹਨ ਅਤੇ ਨੈਨਵਾਂ ਦੇ 20 ਸਾਲਾ ਨੌਜਵਾਨ ਭੁਪਿੰਦਰ ਦੀ ਟੁੱਕੜਿਆਂ ਵਿੱਚ ਮਿਲੀ ਲਾਸ਼ ਦਾ ਰਹੱਸ ਪੁਲਿਸ ਅੱਜ ਤੱਕ ਸੁਲਝਾ ਨਹੀਂ ਸਕੀ ਹੈ। ਲਾਲੀ ਨੇ ਕਿਹਾ ਕਿ ਪ੍ਰਸ਼ਾਸ਼ਨ ਕੋਲੋਂ ਖੁਦ ਦੁਆਰਾ ਲਾਗੂ ਕੀਤੇ ਦਿਨ ਵਿੱਚ ਟਿੱਪਰ ਨਾ ਚੱਲਣ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਗ਼ੈਰਕਾਨੂੰਨੀ ਮਾਈਨਿੰਗ ਮਾਫ਼ੀਆ ਵਾਲੇ ਸੜਕਾਂ ਤੇ ਮੌਤ ਦਾ ਨੰਗਾ ਨਾਚ ਕਰ ਰਹੇ ਹਨ। ਉਹਨਾਂ ਕਿਹਾ ਕਿਹਾ ਜੇਕਰ ਅਮਨ ਕਾਨੂੰਨ ਦੇ ਹਾਲਤ ਇਸੇ ਤਰਾਂ ਦੇ ਰਹੇ ਤਾਂ ਗੜ੍ਹਸ਼ੰਕਰ ਦੇ ਲੋਕ ਸੜਕਾਂ ਤੇ ਆਣ ਲਈ ਮਜਬੂਰ ਹੋ ਜਾਣਗੇ।



## ਜਦੋ ਮੌਤ ਨੂੰ ਅੱਖੀਂ ਤੱਕਿਆ

ਘਟਨਾ 22 ਜੂਨ 2019 ਦੀ ਹੈ।ਐਤਵਾਰ ਦਾ ਦਿਨ ਸੀ।ਮੈਂ ਆਪਣੀ ਸਵਿਫਟ ਕਾਰ ਸਟਾਰਟ ਕੀਤੀ ਤੇ ਆਪਣੇ ਇਕ ਦੋਸਤ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ।ਜੋ ਮੇਰੇ ਸ਼ਹਿਰ ਤੋਂ ਥੋੜ੍ਹੀ ਦੂਰ ਪੈਂਦੇ ਪਿੰਡ ਮੰਡਿਆਲਾ ਕਲਾਂ ਦਾ ਰਹਿਣ ਵਾਲਾ ਸੀ।ਉਸਦੇ ਪਿੰਡ ਤੋਂ ਥੋੜਾ ਪਹਿਲਾਂ ਮੈਂ ਕਾਰ ਸਰਵਿਸ ਲਾਈਨ ਤੋ ਥੱਲੇ ਲਾਹ ਕੇ ਰੋਕੀ ਤੇ ਆਪਣੇ ਉਸ ਦੋਸਤ ਨੂੰ ਫ਼ੋਨ ਮਿਲਾਇਆ।ਉਸ ਨੇ ਫ਼ੋਨ ਪਿਕ ਨਾ ਕੀਤਾ।ਮੈਂ ਉਥੇ ਖਲੋ ਕੇ ਉਸਦੀ ਕਾਲ ਬੈਕ ਦੀ ਉਡੀਕ ਕਰਨ ਲੱਗਾ।ਇੰਨੇ ਨੂੰ ਪਿੱਛੋਂ ਕੋਈ ਚੀਜ਼ ਬੜੇ ਜੋਰ ਦੀ ਮੇਰੀ ਕਾਰ ਨਾਲ ਟਕਰਾਈ ਤੇ ਕਾਰ ਨੂੰ ਪੰਜਾਹ ਫੁੱਟ ਅੱਗੇ ਚੁੱਕ ਮਾਰਿਆ। ਇੱਕ ਪਲ? ਇੰਝ ਜਾਪਿਆ ਜਿਵੇਂ ਮੈਂ ਗਿਆ।ਮੈਂ ਡੌਰ ਭੌਰ ਹੋ ਗਿਆ।ਮੇਰੇ ਹੋਸ਼ ਉੱਡ ਗਏ।ਅੱਖਾਂ ਅੱਗੇ ਹਨੇਰਾ ਛਾ ਗਿਆ।ਡੌਰ ਭੌਰ ਹੋਏ ਦੀ ਨਿਗ?ਹਾ ਜਦ ਬਾਹਰ ਵੱਲ ਗਈ ਤਾਂ ਇਕ ਫੋਰ ਵਿਲਰ੍ਹ ਜੀ ਟੀ ਰੋਡ ਦੇ ਵਿਚਾਲੇ ਬਣੀ ਪੱਥਰ ਦੀ ਕੰਧ ਨਾਲ ਟਕਰਾਅ ਕੇ ਲੋਟ ਪੋਟ ਹੁੰਦਾ ਸੜਕ ਵਿਚਾਲੇ ਡਿੱਗਦਾ ਵੇਖਿਆ।ਜੋ ਮੇਰੀ ਕਾਰ ਨਾਲ ਟਕਰਾਇਆ ਸੀ।ਜਿਸ ਨੂੰ ਵੇਖ ਕੇ ਮੈਂ ਹੋਰ ਡਰ ਗਿਆ।ਇਹ ਸਭ ਕੁਝ ਅੱਖ ਦੇ ਫੋਰ ਨਾਲ ਇਨੀ ਤੇਜੀ ਚ ਵਾਪਰਿਆ ਕੇ ਕੁਝ ਪਤਾ ਹੀ ਨਹੀਂ ਲੱਗਾ ਕੇ ਕੀ ਹੋ ਗਿਆ ਹੈ।ਉਸ ਪਲ ਮੈਨੂੰ ਇੰਝ ਜਾਪਿਆ ਜਿਵੇਂ ਮੇਰੇ ਸਰੀਰ ਦੇ ਅੰਗ ਪੈਰ ਨੁਕਸਾਨੇ ਗਏ ਹੋਣ।ਆਪਣੇ ਆਪ ਨੂੰ ਸੰਭਲ?ਦਿਆਂ ਮੈਂ ਹੱਥਾਂ ਪੈਰਾ ਤੇ ਸਰੀਰ ਦੇ ਬਾਕੀ ਅੰਗਾ ਨੂੰ ਟੋਹਿਆ।ਇਹ ਜਾਣਨ ਲਈ ਕੇ ਮੇਰਾ ਕੋਈ ਅੰਗ ਪੈਰ ਤਾ ਨਹੀਂ ਨੁਕਸਾਨਿਆ ਗਿਆ।ਪਰ ਰੱਬ ਦਾ ਸ਼ੁਕਰ ! ਸੀਟ ਬੈਲਟ ਲੱਗੀ ਹੋਣ ਕਰਕੇ ਮੇਰੇ ਝਰੀਟ ਤੱਕ ਨਾ ਆਈ। ਕਾਰ ਦੇ ਫਰੰਟ ਵਾਲਾ ਸ਼ੀਸ਼ਾ ਟੁੱਟ ਕੇ ਮੇਰੇ ਸਾਰੇ ਸਰੀਰ ਤੇ ਪੈ ਚੁੱਕਾ ਸੀ।ਡੈੱਕ ਡੈਸ਼ ਬੋਰਡ ਚੋ ਨਿਕਲ ਕੇ ਬਾਹਰ ਆ ਗਿਆ। ਕਾਰ ਦੀ ਛੱਤ ਤੇ ਪਿਛਲਾ ਹਿੱਸਾ ਖ਼ਤਮ ਹੋ ਚੁੱਕਾ ਸੀ।ਪਰ ਮੇਰਾ ਜਾਨੀ ਨੁਕਸਾਨ ਬਿਲਕੁਲ ਨਾ ਹੋਇਆ।ਮੈਂ ਵਾਹਿਗੁਰ ਦਾ ਸ਼ੁਕਰ ਕੀਤਾ।ਹਾਦਸੇ ਉਪਰੰਤ ਮੈਂ ਪੂਰਾ ਡਰ ਗਿਆ ਸੀ।ਕਾਰ ਦੇ ਡਰਾਈਵਰ ਵਾਲਾ ਪਾਸਾ ਬਿਲਕੁਲ ਟੁੱਟ ਚੁੱਕਾ ਸੀ।ਜਿਸ ਕਾਰਨ ਉਹ ਖੁੱਲ੍ਹਿਆ ਨਾ।ਮੈਂ ਜ਼ੇਰਾ ਜਿਹਾ ਕਰਕੇ ਦੂਜੇ ਪਾਸਿਉਂ ਕਾਰ ਚੋ ਬਾਹਰ ਨਿਕਲਿਆ।ਮੇਰੇ ਹੌਲ ਪੈ ਰਹੇ ਸਨ ਤੇ ਸਰੀਰ ਕੰਬ ਰਿਹਾ ਸੀ।ਏਨੇ ਨੂੰ ਟੈਂਪੂ ਚਾਲਕ ਮੇਰੇ ਕੋਲ ਆਇਆ ਤੇ ਪੁੱਛਣ ਲੱਗਾ , ਤੁਸੀਂ ਠੀਕ ਹੋ ? ਪਿਛਲੀ ਸੀਟ ਵਾਲੀਆਂ ਸਵਾਰੀਆਂ ਠੀਕ ਹਨ " ?ਉਹ ਡਰਿਆ ਹੋਇਆ ਸੀ।ਉਸ ਨੂੰ ਲੱਗਾ ਕੇ ਕਾਰ ਚ ਪਿੱਛੇ ਬੈਠੀਆਂ ਸਵਾਰੀਆਂ ਬਚੀਆਂ ਨਹੀਂ ਹੋਣਗੀਆਂ।ਕਿਉਂਕਿ ਕਾਰ ਪਿੱਛੋਂ ਬਿਲਕੁਲ ਕੱਠੀ ਹੋ ਚੁੱਕੀ ਸੀ।ਪਰ ਉਸਦੇ ਉਦੋ ਸਾਹ ਚ ਸਾਹ ਪਿਆ ਜਦੋ ਮੈਂ ਉਸ ਨੂੰ ਦੱਸਿਆ ਕੇ ਕਾਰ ਦੀ ਪਿਛਲੀ ਸੀਟ ਤੇ ਕੋਈ ਸਵਾਰੀ ਨਹੀਂ ਸੀ।ਰੱਬ ਦੀ ਕਿਰਪਾ ਨਾਲ ਟੈਂਪੂ ਵਾਲੇ ਦਾ ਵੀ ਕੋਈ ਜਾਨੀ ਨੁਕਸਾਨ ਨਾ ਹੋਇਆ।ਟੈਂਪੂ ਵਿੱਚ ਡਰਾਈਵਰ ਸਣੇ ਤਿੰਨ ਬੰਦੇ ਸਨ।ਜੋ ਬਿਲਕੁੱਲ ਸਹੀ ਸਲਾਮਤ ਸਨ।ਜਦ ਕੇ ਟੈਂਪੂ ਕੰਧ ਨਾਲ ਟਕਰਾਉਣ ਪਿੱਛੋਂ ਤਿੰਨ ਚਾਰ ਲੋਟ ਪੋਟਨੀਆਂ ਖਾਂਦਾ ਮੈਂ ਖੁਦ ਵੇਖਿਆ ਸੀ।ਟੈਂਪੂ ਚਾਲਕ ਵੱਲੋਂ ਮੇਰੇ ਕੋਲ ਆ ਕੇ ਮੇਰਾ ਹਾਲ ਚਾਲ ਪੁੱਛਣ ਦੇ ਫਲਸਰੂਪ ਮੇਰਾ ਉਸ ਪ੍ਰਤੀ ਕੋਈ ਗੁੱਸਾ ਨਾ ਰਿਹਾ ।ਅਸੀ ਇੱਕ ਦੂਜੇ ਨਾਲ ਲੜਨ ਦੀ ਬਜਾਏ ਰੱਬ ਦਾ ਸ਼ੁਕਰ ਮਨਾਇਆ।ਬੇਸ਼ੱਕ ਗਲਤੀ ਟੈਂਪੂ ਵਾਲੇ ਦੀ ਸੀ।ਪਰ ਮੈਂ ਉਸ ਨੂੰ ਕੁਝ ਨਾ ਕਿਹਾ।ਹਾਲਾ ਕੇ ਉਥੇ ਇਕੱਠੇ ਹੋਏ ਲੋਕਾਂ ਦੀ ਭੀੜ ਟੈਂਪੂ ਵਾਲੇ ਦੀ ਗਲਤੀ ਕੱਢ ਰਹੀ ਸੀ ਤੇ ਉਸ ਨੂੰ ਕੁੱਟਣ ਤੱਕ ਤਿਆਰ ਹੋ ਗਈ ਸੀ।ਪਰ ਅਸੀ ਸਮਝਦਾਰੀ ਤੋ ਕੰਮ ਲੈਂਦਿਆਂ ਆਪਸ ਚ ਬੈਠ ਕੇ ਕਾਰ ਦੇ ਹੋਏ ਨੁਕਸਾਨ ਨੂੰ ਨਜਿੱਠ ਲਿਆ।ਮੇਰੀ ਕਾਰ ਭਾਂਵੇ ਕਾਫੀ ਹੱਦ ਤੱਕ ਖ਼ਤਮ ਹੋ ਚੁੱਕੀ ਸੀ।ਪਰ ਮੈਂ ਕੁਝ ਪੈਸਿਆ ਚ ਗੱਲ ਨਬੇੜ ਲਈ।ਕਿਉਂਕਿ ਸੋਚਿਆ ਕੇ ਜਾਨ ਬਚ ਗਈ ।ਇਹੋ ਰੱਬ ਦਾ ਸ਼ੁਕਰ ਹੈ।ਕਾਰਾਂ ਤਾ ਬੰਦਾ ਜਿੰਦਗੀ ਚ ਹੋਰ ਖਦੀਦ ਲੈਂਦਾ ਹੈ।ਪਰ ਜਾਨ ਦੁਬਾਰਾ ਨਹੀਂ ਮਿਲਦੀ।ਨਾਲੇ ਅਸੀ ਸੋਚਿਆ ਕੇ ਕਿਹੜਾ ਕੋਰਟ ਕਚਹਿਰੀਆਂ ਚ ਧੱਕੇ ਖਾਉ।ਸਿਆਣੇ ਕਹਿੰਦੇ ਹਨ ਕੇ ਜੱਗ ਜਿਉਂਦਿਆਂ ਦੇ ਮੇਲੇ।ਸੱਚ ਜਾਣਿਓ !ਉਸ ਹਾਦਸੇ ਮਗਰੋਂ ਮੇਰੀ ਸੋਚ ਹੀ ਬਦਲ ਗਈ।ਮੈਂ ਹੁਣ ਤੱਕ ਉਸ ਹਾਦਸੇ ਨੂੰ ਭੁਲਾਅ ਨਹੀਂ ਸਕਿਆ।ਹਾਦਸੇ ਮਗਰੋਂ ਮੇਰਾ ਰੱਬ ਚ ਵਿਸ਼ਵਾਸ਼ ਹੋਰ ਪੱਕਾ ਹੋ ਗਿਆ ਤੇ ਇਹ ਗੱਲ ਵੀ ਸੱਚ ਸਾਬਤ ਹੋਈ ਕਿ "ਜਿਸ ਕੋ ਰਾਖੇ ਸਈਆਂ,ਮਾਰ ਸਕੇ ਨਾ ਕੋਇ ।ਸੱਚ ਪੁੱਛੋ ਤਾਂ ਇਸ ਹਾਦਸੇ ਦੌਰਾਨ ਮੈਂ ਮੌਤ ਨੂੰ ਅੱਖੀਂ ਤੱਕਿਆ ਤੇ ਹਾਦਸੇ ਨੂੰ ਹੁਣ ਤੱਕ ਨਹੀਂ ਭੁੱਲ ਸਕਿਆ।ਅੱਜ ਵੀ ਜਦ ਕਦੇ ਹਾਦਸੇ ਵਾਲੀ ਥਾਂ ਕੋਲੋ ਗੁਜ਼ਰਦਾ ਹਾਂ ਤਾਂ ਉਹ ਭਿਆਨਕ ਹਾਦਸਾ ਜ਼ਹਿਨ ਚ ਆ ਜਾਂਦਾ ਹੈ ਤੇ ਮੇਰੇ ਲੂ ਕੰਢੇ ਖੜੇ ਹੋ ਜਾਂਦੇ ਹਨ।

**ਅਜੀਤ ਖੰਨਾ**

# ਇਜ਼ਰਾਇਲ-ਇਰਾਨ ਜੰਗ : ਇੱਕ ਵਿਸ਼ਵ ਪੱਧਰੀ ਸੰਕਟ

ਮੌਜੂਦਾ ਸਮੇਂ ਵਿੱਚ, ਇਜ਼ਰਾਇਲ ਅਤੇ ਇਰਾਨ ਵਿਚਕਾਰ ਜਾਰੀ ਸੰਘਰਸ਼ ਨੇ ਮੱਧ ਪੂਰਬ ਨੂੰ ਇੱਕ ਖਤਰਨਾਕ ਮੋੜ ’ਤੇ ਲਿਆ ਖੜ੍ਹਾ ਕੀਤਾ ਹੈ। ਇਹ ਸੰਘਰਸ਼, ਜੋ 13 ਜੂਨ 2025 ਨੂੰ ਇਜ਼ਰਾਇਲ ਦੇ ਅਚਾਨਕ ਹਵਾਈ ਹਮਲਿਆਂ ਨਾਲ ਸ਼ੁਰੂ ਹੋਇਆ, ਨੇ ਨਾ ਸਿਰਫ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਨਵੀਆਂ ਉਚਾਈਆਂ ’ਤੇ ਤਣਾਅਪੂਰਨ ਬਣਾਇਆ ਹੈ, ਸਗੋਂ ਸਾਰੇ ਸੰਸਾਰ ਨੂੰ ਇੱਕ ਅਜਿਹੇ ਸੰਕਟ ਦੀ ਦਹਿਲੀਜ਼ ’ਤੇ ਲਿਆ ਖੜ੍ਹਾ ਕੀਤਾ ਹੈ ਜਿਸ ਦੇ ਭਵਿਖੀ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ। ਇਹ ਲੇਖ ਇਸ ਜੰਗ ਦੇ ਮੁੱਖ ਕਾਰਨਾਂ, ਵਰਤਮਾਨ ਸਥਿਤੀ ਅਤੇ ਸੰਸਾਰ ਪੱਧਰ ’ਤੇ ਇਸ ਦੇ ਸੰਭਾਵੀ ਪ੍ਰਭਾਵਾਂ ਦਾ ਵਿਸਤਾਰ ਨਾਲ ਵਿਸ਼ਲੇਸ਼ਣ ਕਰਦਾ ਹੈ।

ਇਜ਼ਰਾਇਲ ਅਤੇ ਇਰਾਨ ਵਿਚਕਾਰ ਵੈਰ-ਵਿਰੋਧ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਸਾਲ 1979 ਦੀ ਇਰਾਨੀ ਇਨਕਲਾਬ ਤੋਂ ਬਾਅਦ, ਜਦੋਂ ਇਰਾਨ ਵਿੱਚ ਇਸਲਾਮੀ ਗਣਰਾਜ ਦੀ ਸਥਾਪਨਾ ਹੋਈ, ਦੋਵਾਂ ਦੇਸ਼ਾਂ ਦੇ ਸਬੰਧ ਤੇਜ਼ੀ ਨਾਲ ਵਿਗੜਦੇ ਗਏ। ਇਰਾਨ ਦੀ "ਇਜ਼ਰਾਇਲ ਨੂੰ ਖਤਮ ਕਰਨ" ਦੀ ਨੀਤੀ ਅਤੇ ਇਸ ਦੀ ਹੱਕ ਵਿੱਚ ਖੜ੍ਹਣ ਵਾਲੇ ਸੰਗਠਨਾਂ ਜਿਵੇਂ ਕਿ ਹਿਜ਼ਬੁੱਲਾ, ਹਮਾਸ ਅਤੇ ਹੂਥੀਆਂ ਦੇ ਸਮਰਥਨ ਨੇ ਇਜ਼ਰਾਇਲ ਨੂੰ ਸੁਰੱਖਿਆ ਦੇ ਮਾਮਲੇ ਵਿੱਚ ਸਦਾ ਚੌਕਸ ਰਹਿਣ ਲਈ ਮਜਬੂਰ ਕੀਤਾ।

ਇਸ ਦੇ ਨਾਲ ਹੀ, ਇਰਾਨ ਦਾ ਪਰਮਾਣੂ ਪ੍ਰੋਗਰਾਮ ਇਜ਼ਰਾਇਲ ਅਤੇ ਪੱਛਮੀ ਦੇਸ਼ਾਂ ਲਈ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਰਿਹਾ ਹੈ। ਇਸੇ ਸਾਲ 13 ਜੂਨ 2025 ਨੂੰ, ਇਜ਼ਰਾਇਲ ਨੇ "ਆਪ੍ਰੇਸ਼ਨ ਰਾਈਜ਼ਿੰਗ ਲਾਇਨ" ਦੇ ਨਾਮ ਹੇਠ ਇਰਾਨ ਦੇ ਪਰਮਾਣੂ ਅਤੇ ਫੌਜੀ ਟਿਕਾਣਿਆਂ ’ਤੇ ਵੱਡੇ ਪੈਮਾਨੇ ’ਤੇ ਹਵਾਈ ਹਮਲੇ ਸ਼ੁਰੂ ਕੀਤੇ। ਇਨ੍ਹਾਂ ਹਮਲਿਆਂ ਵਿੱਚ ਇਰਾਨ ਦੇ ਨਤਾਨਜ਼ ਅਤੇ ਇਸਫਹਾਨ ਵਿੱਚ ਸਥਿਤ ਪਰਮਾਣੂ ਸਹੂਲਤਾਂ, ਮਿਜ਼ਾਈਲ ਅੱਡਿਆਂ ਅਤੇ ਕਈ ਉੱਚ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦਾਅਵਾ ਕੀਤਾ ਕਿ ਇਹ ਹਮਲੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਕਈ ਸਾਲ ਪਿੱਛੇ ਧੱਕਣ ਲਈ ਜ਼ਰੂਰੀ ਸਨ। ਇਸ ਦੇ ਜਵਾਬ ਵਿੱਚ, ਇਰਾਨ ਨੇ ਤੁਰੰਤ ਇਜ਼ਰਾਇਲ ’ਤੇ ਸੈਂਕੜੇ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨ ਹਮਲੇ ਕੀਤੇ, ਜਿਨ੍ਹਾਂ ਨੇ ਤੇਲ ਅਵੀਵ, ਹੈਫਾ ਅਤੇ ਜੇਰੂਸਲਮ ਵਰਗੇ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ।

ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨਈ ਨੇ ਇਜ਼ਰਾਇਲ ਦੇ ਹਮਲਿਆਂ ਨੂੰ "ਅਪਰਾਧ" ਕਰਾਰ ਦਿੱਤਾ ਅਤੇ "ਸਖਤ ਸਜ਼ਾ" ਦੀ




ਚੇਤਾਵਨੀ ਦਿੱਤੀ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਸੰਘਰਸ਼ ਵਿੱਚ ਅਮਰੀਕਾ ਦੀ ਸਿੱਧੀ ਸ਼ਮੂਲੀਅਤ ਨੂੰ ਨਕਾਰਦੇ ਹੋਏ ਇਰਾਨ ਨੂੰ ਅਮਰੀਕੀ ਹਿੱਤਾਂ ’ਤੇ ਹਮਲੇ ਨਾ ਕਰਨ ਦੀ ਚੇਤਾਵਨੀ ਦਿੱਤੀ। ਹਾਲਾਂਕਿ, ਅਮਰੀਕੀ ਹਵਾਈ ਸੁਰੱਖਿਆ ਪ੍ਰਣਾਲੀਆਂ ਨੇ ਇਜ਼ਰਾਇਲ ਦੀ ਸਹਾਇਤਾ ਲਈ ਇਰਾਨੀ ਮਿਜ਼ਾਈਲਾਂ ਨੂੰ ਰੋਕਣ ਵਿੱਚ ਅਹਿਮ ਭੂਮਿਕਾ ਨਿਭਾਈ। ਦੋਵਾਂ ਪਾਸਿਆਂ ਵੱਲੋਂ ਲਗਾਤਾਰ ਮਿਜ਼ਾਈਲ ਅਤੇ ਡਰੋਨ ਹਮਲੇ ਜਾਰੀ ਹਨ। ਇਰਾਨ ਦੇ ਸਿਹਤ ਮੰਤਰਾਲੇ ਅਨੁਸਾਰ, ਇਜ਼ਰਾਇਲ ਦੇ ਹਮਲਿਆਂ ਵਿੱਚ 224 ਤੋਂ ਵੱਧ ਲੋਕ ਮਾਰੇ ਗਏ ਹਨ, ਜਿਨ੍ਹਾਂ ਵਿੱਚ 90% ਆਮ ਨਾਗਰਿਕ ਸ਼ਾਮਲ ਹਨ, ਅਤੇ 1400 ਤੋਂ ਵੱਧ ਜ਼ਖਮੀ ਹੋਏ ਹਨ।

ਇਜ਼ਰਾਇਲ ਵਿੱਚ, ਇਰਾਨ ਦੇ ਜਵਾਬੀ ਹਮਲਿਆਂ ਵਿੱਚ 24 ਲੋਕ ਮਾਰੇ ਗਏ ਅਤੇ 600 ਦੇ ਕਰੀਬ ਜ਼ਖਮੀ ਹੋਏ। ਦੋਵਾਂ ਦੇਸ਼ਾਂ ਦੀਆਂ ਹਵਾਈ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਤੇਹਰਾਨ, ਤੇਲ ਅਵੀਵ ਅਤੇ ਹੈਫਾ ਵਰਗੇ ਸ਼ਹਿਰਾਂ ਵਿੱਚ ਤਬਾਹੀ ਦੇ ਦ੍ਰਿਸ਼ ਦੇਖਣ ਨੂੰ ਮਿਲ ਰਹੇ ਹਨ। ਇਜ਼ਰਾਇਲ ਨੇ ਇਰਾਨ ਦੀ ਸਟੇਟ ਟੀਵੀ, ਪਰਮਾਣੂ ਸਹੂਲਤਾਂ ਅਤੇ ਇਸਲਾਮਿਕ ਰੈਵੋਲੂਸ਼ਨਰੀ ਗਾਰਡ ਕੋਰ (ਆਈਆਰਜੀਸੀ) ਦੇ ਅੱਡਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਕਈ ਉੱਚ ਅਧਿਕਾਰੀਆਂ ਦੀ ਮੌਤ ਹੋਈ। ਇਸ ਦੇ ਜਵਾਬ ਵਿੱਚ, ਇਰਾਨ ਨੇ ਇਜ਼ਰਾਇਲ ਦੇ ਸਭ ਤੋਂ ਵੱਡੇ ਤੇਲ ਰਿਫਾਇਨਰੀ ਅਤੇ ਸੈਨਿਕ ਅੱਡਿਆਂ ’ਤੇ ਹਮਲੇ ਕੀਤੇ। ਇਸ ਸੰਘਰਸ਼ ਨੇ ਨਾ ਸਿਰਫ ਮੱਧ ਪੂਰਬ ਨੂੰ, ਸਗੋਂ ਪੂਰੇ ਸੰਸਾਰ ਨੂੰ ਇੱਕ ਅਨਿਸ਼ਚਿਤ ਸਥਿਤੀ ਵਿੱਚ ਧੱਕ ਦਿੱਤਾ ਹੈ।

ਇਜ਼ਰਾਇਲ-ਇਰਾਨ ਸੰਘਰਸ਼ ਦਾ ਸਭ ਤੋਂ ਵੱਡਾ ਪ੍ਰਭਾਵ ਸੰਸਾਰਕ ਤੇਲ ਅਤੇ ਊਰਜਾ ਸੰਕਟ ਕਾਰਨ ਊਰਜਾ ਬਾਜ਼ਾਰ ’ਤੇ ਪਿਆ ਹੈ। ਮੱਧ ਪੂਰਬ ਦੁਨੀਆ ਦਾ ਸਭ ਤੋਂ ਵੱਡਾ ਤੇਲ ਅਤੇ ਗੈਸ ਉਤਪਾਦਕ ਖੇਤਰ ਹੈ, ਅਤੇ ਸਟ?ਰੇਟ ਆਫ ਹੋਰਮੁਜ਼, ਜੋ ਵਿਸ਼ਵ ਦੇ ਇੱਕ-ਤਿਹਾਈ ਸਮੁੰਦਰੀ ਤੇਲ ਸਪਲਾਈ ਦਾ ਰਾਹ ਹੈ, ਇਸ ਸੰਘਰਸ਼ ਦੇ ਕੇਂਦਰ ਵਿੱਚ ਹੈ। ਇਰਾਨ ਨੇ ਇਸ ਸਟ?ਰੇਟ ਨੂੰ ਬੰਦ ਕਰਨ ਦੀ ਧਮਕੀ ਦਿੱਤੀ ਹੈ, ਜਿਸ



**ਸੰਦੀਪ ਕੁਮਾਰ**
**ਰੂਪਨਗਰ**

ਨਾਲ ਤੇਲ ਦੀਆਂ ਕੀਮਤਾਂ ਵਿੱਚ 7% ਦਾ ਵਾਧਾ ਹੋਇਆ ਹੈ ਅਤੇ ਕਰੂਡ ਆਇਲ 74.60 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ। ਗੋਲਡਮੈਨ ਸਾਕਸ ਦੇ ਅਨੁਸਾਰ, ਸਟ?ਰੇਟ ਦੇ ਪੂਰਨ ਬੰਦ ਹੋਣ ਦੀ ਸਥਿਤੀ ਵਿੱਚ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਵੀ ਪਾਰ ਜਾ ਸਕਦੀਆਂ ਹਨ। ਇਸ ਨਾਲ ਸੰਸਾਰਕ ਅਰਥਵਿਵਸਥਾ ਵਿੱਚ ਮਹਿੰਗਾਈ ਵਧੇਗੀ, ਖਾਸ ਕਰਕੇ ਭਾਰਤ ਵਰਗੇ ਤੇਲ-ਆਯਾਤਕ ਦੇਸ਼ਾਂ ਲਈ, ਜਿੱਥੇ ਊਰਜਾ ਦੀਆਂ ਕੀਮਤਾਂ ਸਿੱਧੇ ਤੌਰ ’ਤੇ ਆਮ ਜਨਤਾ ਦੀ ਜੇਬ ’ਤੇ ਅਸਰ ਪਾਉਂਦੀਆਂ ਹਨ। ਸੰਘਰਸ਼ ਦੇ ਕਾਰਨ ਹਵਾਈ ਅਤੇ ਵਪਾਰਕ ਪ੍ਰਭਾਵ ਦੇ ਚੱਲਦਿਆਂ ਇਰਾਨ, ਇਰਾਕ, ਜਾਰਡਨ ਅਤੇ ਲੇਬਨਾਨ ਵਿੱਚ ਹਵਾਈ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਹਨ। ਅਮੀਰਾਤ, ਕਤਰ ਏਅਰਵੇਜ਼ ਅਤੇ ਇਤਿਹਾਦ ਵਰਗੀਆਂ ਵੱਡੀਆਂ ਏਅਰਲਾਈਨਾਂ ਨੇ ਇਸ ਖੇਤਰ ਵਿੱਚ ਆਪਣੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਇਹ ਨਾ ਸਿਰਫ ਸੈਲਾਨੀਆਂ ਅਤੇ ਵਪਾਰੀਆਂ ਲਈ ਮੁਸ਼ਕਲਾਂ ਪੈਦਾ ਕਰ ਰਿਹਾ ਹੈ, ਸਗੋਂ ਵਿਸ਼ਵਕ ਵਪਾਰ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਪੂਰਬੀ ਇਰਾਕ ਦਾ ਹਵਾਈ ਮਾਰਗ, ਜੋ ਦੁਨੀਆ ਦੇ ਸਭ ਤੋਂ ਵਿਅਸਤ ਮਾਰਗਾਂ ਵਿੱਚੋਂ ਇੱਕ ਹੈ, ਬੰਦ ਹੋਣ ਨਾਲ ਸਪਲਾਈ ਚੇਨ ਵਿੱਚ ਵਿਘਨ ਪੈ ਸਕਦਾ ਹੈ।

ਖੇਤਰੀ ਅਸਥਿਰਤਾ ਅਤੇ ਅਸਿੱਧੇ ਤੌਰ ’ਤੇ ਲੜੀ ਜਾ ਰਹੀ ਇਸ ਜੰਗ ਦੇ ਇਸ ਸੰਘਰਸ਼ ਨੇ ਮੱਧ ਪੂਰਬ ਦੀ ਸੁਰੱਖਿਆ ਸਥਿਤੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਰਾਨ ਦੀ "ਐਕਸਿਸ ਆਫ ਰੈਜ਼ਿਸਟੈਂਸ" (ਹਿਜ਼ਬੁੱਲਾ, ਹਮਾਸ, ਹੂਥੀ) ਪਹਿਲਾਂ ਹੀ ਕਮਜ਼ੋਰ ਹੋ ਚੁੱਕੀ ਹੈ, ਪਰ ਇਸ ਸੰਘਰਸ਼ ਨੇ ਇਨ੍ਹਾਂ ਸਮੂਹਾਂ ਨੂੰ ਮੁੜ ਸਰਗਰਮ ਕਰਨ ਦੀ ਸੰਭਾਵਨਾ ਪੈਦਾ ਕਰ ਦਿੱਤੀ ਹੈ।

ਹੂਥੀਆਂ ਨੇ ਪਹਿਲਾਂ ਹੀ ਇਜ਼ਰਾਇਲ ’ਤੇ ਮਿਜ਼ਾਈਲ ਹਮਲੇ ਸ਼ੁਰੂ ਕਰ ਦਿੱਤੇ ਹਨ। ਜੇਕਰ ਇਹ ਸੰਘਰਸ਼ ਲੰਬਾ ਖਿੱਚਦਾ ਹੈ, ਤਾਂ ਲੇਬਨਾਨ, ਸੀਰੀਆ ਅਤੇ ਇਰਾਕ ਵਿੱਚ ਅਸਿੱਧੇ ਤੌਰ ’ਤੇ ਲੜਣ ਵਾਲੀਆਂ ਨਵੀਆਂ ਜੰਗਾਂ ਸ਼ੁਰੂ ਹੋ ਸਕਦੀਆਂ ਹਨ, ਜਿਸ ਨਾਲ ਖੇਤਰੀ ਅਸਥਿਰਤਾ ਹੋਰ ਵਧੇਗੀ। ਇਸ ਸੰਘਰਸ਼ ਨੇ ਅੰਤਰਰਾਸ਼ਟਰੀ ਸਬੰਧਾਂ ’ਤੇ ਅਸਰ ਦਿਖਾਉਂਦੇ ਹੋਏ ਅੰਤਰਰਾਸ਼ਟਰੀ ਸਮੀਕਰਨਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਅਮਰੀਕਾ, ਜੋ ਇਜ਼ਰਾਇਲ ਦਾ ਸਭ ਤੋਂ ਵੱਡਾ ਸਹਿਯੋਗੀ ਹੈ, ਇਸ ਸੰਘਰਸ਼ ਵਿੱਚ ਸਿੱਧੇ ਤੌਰ ’ਤੇ ਸ਼ਾਮਲ ਹੋਣ ਤੋਂ ਬਚ ਰਿਹਾ ਹੈ, ਪਰ ਉਸ ਦੀਆਂ ਸੁਰੱਖਿਆ ਪ੍ਰਣਾਲੀਆਂ ਅਤੇ ਖੁਫੀਆ ਸਹਾਇਤਾ ਨੇ ਇਜ਼ਰਾਇਲ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਹੈ। ਦੂਜੇ ਪਾਸੇ, ਰੂਸ ਅਤੇ ਚੀਨ ਨੇ ਇਜ਼ਰਾਇਲ ਦੀਆਂ ਕਾਰਵਾਈਆਂ ਦੀ ਨਿੰਦਾ ਕੀਤੀ ਹੈ ਅਤੇ ਇਰਾਨ ਨੂੰ ਸਮਰਥਨ ਦੇ ਸੰਕੇਤ ਦਿੱਤੇ ਹਨ। ਸਾਊਦੀ ਅਰਬ ਅਤੇ ਹੋਰ ਸੁੰਨੀ ਦੇਸ਼ ਇਸ ਸੰਘਰਸ਼ ਵਿੱਚ ਬੱਚੇ ਰਹਿਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਇਰਾਨ ਦੀ ਮਜ਼ਬੂਤੀ ਉਨ੍ਹਾਂ ਦੇ ਹਿੱਤਾਂ ਲਈ ਖਤਰਾ ਹੈ। ਇਸ ਨਾਲ ਖੇਤਰੀ ਸੰਤੁਲਨ ਹੋਰ ਜਟਿਲ ਹੋ ਸਕਦਾ ਹੈ।

ਇਜ਼ਰਾਇਲ ਦੇ ਹਮਲਿਆਂ ਨੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ, ਪਰ ਇਸ ਨੇ ਇਰਾਨ ਨੂੰ ਪਰਮਾਣੂ ਹਥਿਆਰਾਂ ਦੀ ਦੌੜ ਵਿੱਚ ਸ਼ਾਮਲ ਹੋਣ ਲਈ ਵੀ ਉਕਸਾਇਆ ਹੈ। ਇਰਾਨ ਨੇ ਪਰਮਾਣੂ ਅਪ੍ਰਸਾਰ ਸੰਧੀ ਤੋਂ ਹਟਣ ਦੀ ਧਮਕੀ ਦਿੱਤੀ ਹੈ, ਜੋ ਯੁੱਧ ਖੇਤਰ ਵਿੱਚ ਪਰਮਾਣੂ ਹਥਿਆਰਾਂ ਦੀ ਦੌੜ ਨੂੰ ਹੋਰ ਤੇਜ਼ ਕਰ ਸਕਦੀ ਹੈ। ਇਸ ਨਾਲ ਨਾ ਸਿਰਫ ਮੱਧ ਪੂਰਬ, ਸਗੋਂ ਸਾਰਾ ਸੰਸਾਰ ਇੱਕ ਪਰਮਾਣੂ ਸੰਕਟ ਦੀ ਦਹਿਲੀਜ਼ ’ਤੇ ਆ ਸਕਦਾ ਹੈ।

ਸੰਸਾਰਕ ਸਟਾਕ ਮਾਰਕੀਟਾਂ ਵਿੱਚ ਅਸਥਿਰਤਾ ਵਧੀ ਹੈ ਅਤੇ ਸੋਨੇ ਵਰਗੇ ਸੁਰੱਖਿਅਤ ਨਿਵੇਸ਼ ਵਿਕਲਪਾਂ ਵਿੱਚ ਤੇਜ਼ੀ ਦੇਖੀ ਜਾ ਰਹੀ ਹੈ। ਇਸ ਸੰਘਰਸ਼ ਦੇ ਲੰਬੇ ਸਮੇਂ ਤੱਕ ਜਾਰੀ ਰਹਿਣ ਦੀ ਸਥਿਤੀ ਵਿੱਚ, ਵਿਸ਼ਵ ਅਰਥਵਿਵਸਥਾ ’ਤੇ ਮਾੜਾ ਅਸਰ ਪੈ ਸਕਦਾ ਹੈ। ਵਿਕਾਸਸ਼ੀਲ ਦੇਸ਼, ਜੋ ਪਹਿਲਾਂ ਹੀ ਮਹਿੰਗਾਈ ਅਤੇ ਸਪਲਾਈ ਚੇਨ ਸਮੱਸਿਆਵਾਂ ਨਾਲ ਜੂਝ ਰਹੇ ਹਨ, ਨੂੰ ਸਭ ਤੋਂ ਵੱਧ ਨੁਕਸਾਨ ਹੋ ਸਕਦਾ ਹੈ।

ਇਜ਼ਰਾਇਲ-ਇਰਾਨ ਸੰਘਰਸ਼ ਨੇ ਸੰਸਾਰ ਨੂੰ ਇੱਕ ਅਜਿਹੇ ਮੋੜ ’ਤੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਸੰਜਮ ਅਤੇ ਕੂਟਨੀਤੀ ਦੀ ਸਖਤ ਲੋੜ ਹੈ। ਜੀ-7 ਅਤੇ ਸੰਯੁਕਤ ਰਾਸ਼ਟਰ ਵਰਗੇ ਅੰਤਰਰਾਸ਼ਟਰੀ ਸੰਗਠਨ ਤਣਾਅ ਘਟਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਪਰ ਇਜ਼ਰਾਇਲ ਅਤੇ ਇਰਾਨ ਦੀ ਸਖਤ ਜਿੱਦ ਨੇ ਸਥਿਤੀ ਨੂੰ ਜਟਿਲ ਬਣਾਇਆ ਹੈ। ਇਸ ਸੰਘਰਸ਼ ਦੇ ਸੰਸਾਰਕ ਅਰਥਵਿਵਸਥਾ, ਸੁਰੱਖਿਆ ਅਤੇ ਕੂਟਨੀਤੀ ’ਤੇ ਦੂਰਗਾਮੀ ਪ੍ਰਭਾਵ ਹੋ ਸਕਦੇ ਹਨ। ਸਾਰੇ ਸਬੰਧਤ ਪੱਖਾਂ ਨੂੰ ਸੰਜਮ ਅਤੇ ਸੰਵਾਦ ਦਾ ਰਾਹ ਅਪਣਾਉਣ ਦੀ ਲੋੜ ਹੈ, ਤਾਂ ਜੋ ਇਸ ਸੰਕਟ ਨੂੰ ਵਧਣ ਤੋਂ ਰੋਕਿਆ ਜਾ ਸਕੇ।

## ਭਰੀ ਕਾਪੀ

ਮੀਨਾ ਅਠਵੀਂ ਕਲਾਸ ਵਿੱਚ ਪੜ੍ਹਦੀ ਸੀ ਉਸ ਦੀਆਂ ਦੋ ਵੱਡੀਆਂ ਭੈਣਾਂ ਦਾ ਵਿਆਹ ਹੋ ਚੁੱਕਿਆ ਸੀ, ਭਰਾ 6 ਸਾਲ ਛੋਟਾ ਸੀ। ਘਰ ਵਿਚ ਅੱਤ ਦੀ ਗਰੀਬੀ ਸੀ, ਮੀਨਾ ਦੇ ਪਿਤਾ ਜੀ ਰਿਕਸ਼ਾ ਚਲਾ ਕੇ ਘਰ ਦਾ ਗੁਜ਼ਾਰਾ ਬਸਰ ਕਰਦੇ ਸੀ। ਇੱਕ ਦਿਨ ਉਹਨਾਂ ਦੇ ਪਿਤਾ ਦਾ ਐਕਸੀਡੈਂਟ ਹੋ ਗਿਆ ਤੇ ਉਹ ਮੰਜੇ ਉੱਤੇ ਪੈ ਗਏ। ਹੁਣ ਘਰ ਦਾ ਗੁਜ਼ਾਰਾ ਚੱਲਣਾ ਵੀ ਮੁਸ਼ਕਿਲ ਹੋ ਗਿਆ ਸੀ।



ਇਸ ਅੱਤ ਦੀ ਗਰੀਬੀ ਦੇ ਹੋਣ ਕਾਰਨ ਮੀਨਾ ਕਿਤੇ ਨਾ ਕਿਤੇ ਪੜ੍ਹਾਈ ਜਾਰੀ ਰੱਖਣਾ ਚਾਹੁੰਦੀ ਸੀ। ਪਰ ਇੱਕ ਦਿਨ ਉਸਦੀ ਕਾਪੀ ਪੂਰੀ ਦੀ ਪੂਰੀ ਭਰ ਗਈ। ਸਕੂਲ ਵਾਲੀ ਮੈਡਮ ਵੱਲੋਂ ਦਿੱਤਾ ਗਿਆ ਕੰਮ ਵੀ ਉਹ ਨਵੀਂ ਕਾਪੀ ਲੈ ਕੇ ਨਾ ਕਰ ਸਕੀ। ਫਿਰ ਉਸਦੇ ਮਨ ਵਿੱਚ ਵਿਚਾਰ ਆਇਆ ਕਿ ਕਿਉਂ ਨਾ ਪਹਿਲਾਂ ਲਿਖਿਆ ਪੈਨਸਲ ਨਾਲ ਲਿਖਿਆ ਕੰਮ ਮਿਟਾ ਕੇ ਉਸੇ ਕਾਪੀ ’ਤੇ ਦੁਬਾਰਾ ਕੰਮ ਕਰ ਲਵਾਂ, ਮੀਨਾ ਨੇ ਇਸੇ ਤਰ੍ਹਾਂ ਕੀਤਾ।

ਦੂਜੇ ਦਿਨ ਉਹ ਸਕੂਲ ਜਾਂਦੀ ਹੈ ਤੇ ਮੈਡਮ ਨੂੰ ਆਪਣੇ ਕਾਪੀ ਦਿਖਾਉਂਦੀ ਹੈ ਜਿਸ ਉੱਤੇ ਉਸਨੇ ਸਕੂਲ ਦਾ ਕੰਮ ਕੀਤਾ ਹੋਇਆ ਸੀ, ਮੈਡਮ ਕਾਪੀ ਦੇਖ ਕੇ ਉਸਦੇ ਚਪੇੜਾਂ ਜੜ ਦਿੰਦੀ ਹੈ। ਮੀਨਾ ਰੋਣ ਲੱਗ ਪਈ, ਇੰਨੇ ਨੂੰ ਉਥੇ ਇਕ ਹੋਰ ਮੈਡਮ ਉਸਦੀ ਮੈਡਮ ਕੋਲ ਆ ਜਾਂਦੀ ਹੈ ਤੇ ਬੋਲਦੀ ਹੈ ਕਿ ਕੀ ਗੱਲ ਹੋ ਗਈ। ਮੀਨਾ ਨੇ ਭਰੇ ਮਨ ਨਾਲ ਉਸ ਮੈਡਮ ਨੂੰ ਸਾਰੀ ਗੱਲ ਦੱਸੀ ਕਿ ਸਾਡੇ ਘਰ ਮੇਰੇ ਪਿਤਾ ਜੀ ਹੀ ਕਮਾਉਣ ਵਾਲੇ ਹਨ ਤੇ ਉਹ ਵੀ ਮੰਜੇ ’ਤੇ ਪਏ ਨੇ, ਸਾਡੇ ਕੋਲ ਕਾਪੀ ਲੈਣ ਲਈ ਵੀ ਪੈਸੇ ਨਹੀਂ ਹਨ, ਫੇਰ ਮੀਨਾ ਮੈਡਮਾਂ ਨੂੰ ਆਪਣੇ ਘਰ ਲੈ ਜਾਂਦੀ ਹੈ।

ਜਦ ਮੈਡਮ ਨੇ ਘਰ ਜਾ ਕੇ ਮੀਨਾ ਦੇ ਘਰ ਦੇ ਹਾਲਾਤ ਦੇਖੇ ਤਾਂ ਉਹਨਾਂ ਦੇ ਮਨ ਵਿੱਚ ਵੀ ਦਿਆਂ ਭਾਵਨਾ ਜਾਗੀ। " ਉਹਨਾਂ ਨੇ ਮੀਨਾ ਦੀ ਮਾਂ ਨਾਲ ਗੱਲਬਾਤ ਕੀਤੀ ਕਿ ਤੁਹਾਡੀ ਕੁੜੀ ਸਾਡੇ ਕੋਲ ਚੰਡੀਗੜ੍ਹ ਭੇਜ ਦਿਓ ਅਸੀਂ ਉਸ ਦੀ ਉੱਥੇ ਪੜ੍ਹਾਈ ਕਰਾਵਾਂਗੇ।"

ਪਰ ਮੀਨਾ ਨਾ ਮੰਨੀ ਤੇ ਨਾ ਉਸਦੀ ਮਾਂ ਵੀ ਨਾ ਮਨਾਂ ਕਰ ਦਿੱਤਾ, ਮਾਂ ਨੇ ਮੈਡਮਾਂ ਨੂੰ ਜਵਾਬ ਦਿੱਤਾ ਕਿ ਮੇਰੀ ਧੀ ਇੰਨਾ ਕੁ ਤਾਂ ਪੜ੍ਹ ਹੀ ਗਈ ਹੈ ਉਹ ਕਾਗਜ਼ ਪੱਤਰ ਭਰ ਸਕਦੀ ਹੈ, ਤੇ ਆਪਣੇ ਸਾਈਨ ਕਰ ਲਵੇਗੀ। ਮੀਨਾ ਵੀ ਆਪਣੇ ਘਰ ਕੋਲ? ਰਹਿ ਕੇ ਹੀ ਪੜਨਾਂ ਚਾਹੁੰਦੀ ਸੀ। ਪਰ ਉਸ ਦਾ ਮਨ ਇੰਨਾ ਟੁੱਟ ਗਿਆ ਸੀ ਕਿ ਉਸਨੇ ਉਸ ਦਿਨ ਤੋਂ ਬਾਅਦ ਉਸ ਨੇ ਸਕੂਲ ਜਾਣਾ ਹੀ ਬੰਦ ਕਰ ਦਿੱਤਾ। ਮੀਨਾ ਅੱਜ ਵੀ ਉਸ ਮੈਡਮ ਨੂੰ ਨਹੀਂ ਭੁਲੀ ਜਿਸ ਨੇ ਉਸਦੇ ਪੜ੍ਹਨ ਦੇ ਸੁਪਨੇ ਨੂੰ ਸਾਕਾਰ ਨਾ ਹੋਣ, ਹੁਣ ਮੀਨਾ ਦੋ ਬੱਚਿਆਂ ਦੀ ਮਾਂ ਬਣ ਚੁੱਕੀ ਹੈ। ਆਪਣੇ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਡਾਇਰੀ ਦੇ ਪੰਨਿਆਂ ’ਤੇ ਕੁਝ ਨਾ ਕੁਝ ਲਿਖ ਦੀ ਰਹਿੰਦੀ ਹੈ । ਇਸ ਤਰ੍ਹਾਂ ਉਹ ਆਪਣੇ ਪੜ੍ਹਾਈ ਦੇ ਸ਼ੌਕ ਨੂੰ ਪੂਰਾ ਕਰਦੀ- ਕਰਦੀ ਕਿਤੇ ਨਾ ਕਿਤੇ ਸਾਹਿਤ ਦੀ ਰਚਨਾ ਕਰ ਰਹੀ ਹੈ।

**ਬਲਜਿੰਦਰ ਕੌਰ ਸ਼ੇਰਗਿੱਲ**
**ਗਵਰਨਰ ਐਵਾਰਡੀ**


## ਇੱਕ ਸ਼ਕਤੀਸ਼ਾਲੀ ਹੋਮੀਓਪੈਥਿਕ ਦਵਾਈ AVENA SATIVA Q

ਇਹ ਇੱਕ ਬਹੁਤ ਵਧੀਆ ਹੋਮੀਓਪੈਥਿਕ ਦਵਾਈ ਹੈ , ਜੋ ਸਰੀਰਕ ਅਤੇ ਮਾਨਸਿਕ ਕਮਜ਼ੋਰੀ ਨੂੰ ਦੂਰ ਕਰਨ ਵਾਸਤੇ ਇੱਕ ਟਾਨਿਕ ਦੇ ਰੂਪ ਵਿੱਚ ਕੰਮ ਕਰਦੀ ਹੈ ।

ਅਗਰ ਕੋਈ ਨਸ਼ਾ ਛੱਡਣ ਤੋਂ ਬਾਅਦ ਤੋੜ ਲਗਦੀ ਹੈ ਤਾਂ ਉਹਦੇ ਵਿੱਚ ਵੀ , ਥਕਾਵਟ , ਸੁਸਤੀ , ਦਰਦਾਂ ਅਤੇ ਹੋਰ ਅਲਾਮਤਾਂ ਨੂੰ ਦੂਰ ਕਰਨ ਵਾਸਤੇ ਇਹਦੀ ਵਰਤੋਂ ਕੀਤੀ ਜਾ ਸਕਦੀ ਹੈ । ਸਰੀਰ ਨੂੰ ਕਮਜ਼ੋਰ ਕਰ ਦੇਣ ਵਾਲੀਆਂ ਬਿਮਾਰੀਆਂ ਨੂੰ ਦੂਰ ਕਰਨ ਵਾਸਤੇ ਇਹ ਇੱਕ ਬਹੁਤ ਸ਼ਕਤੀਸ਼ਾਲੀ ਦਵਾਈ ਵੱਜੋਂ ਕੰਮ ਕਰਦੀ ਹੈ ।

ਬਜ਼ੁਰਗਾਂ ਵਿੱਚ ਪਾਇਆ ਜਾਣ ਵਾਲਾ ਆਲਸ , ਹੱਥਾਂ ਪੈਰਾਂ ਦਾ ਕੰਬਣਾ ਅਤੇ ਕਮਜ਼ੋਰੀ ਨੂੰ ਦੂਰ ਕਰਨ ਵਾਸਤੇ ਵੀ ਇਹਦੀ




ਵਰਤੋਂ ਕੀਤੀ ਜਾ ਸਕਦੀ ਹੈ । ਸਰਦੀ ਜ਼ੁਕਾਮ ਦੇ ਸ਼ੁਰੂਆਤੀ ਦੌਰ ਵਿੱਚ AVENA SATIVA Q ਦੀਆਂ 20,20 ਬੂੰਦਾਂ ਦੋ ਤਿੰਨ ਚਮਚ ਕੋਸੇ ਪਾਣੀ ਵਿੱਚ ਪਾ ਕੇ ਘੰਟੇ ਘੰਟੇ ਬਾਅਦ ਦੇਣ ਨਾਲ ਬਹੁਤ ਜਲਦੀ ਆਰਾਮ ਮਿਲਦਾ ਹੈ । ਜ਼ਿਆਦਾ ਸ਼ਰਾਬ ਪੀਣ ਤੋਂ ਬਾਅਦ ਪੈਦਾ ਹੋਣ ਵਾਲੀਆਂ ਅਲਾਮਤਾਂ ਲਈ ਵੀ ਇਹ ਇੱਕ ਵਧੀਆ ਟਾਨਿਕ ਹੈ ਅਤੇ ਖਾਸ ਤੌਰ ’ ਤੇ ਅਫ਼ੀਮ ਖਾਣ ਦੇ ਦੁਸ਼ਪ੍ਰਭਾਵਾਂ ਵਾਸਤੇ ਇਹ ਇੱਕ ਬਹੁਤ ਜ਼ਬਰਦਸਤ ਟਾਨਿਕ ਵੱਜੋਂ ਕੰਮ ਕਰਦੀ ਹੈ । ਅਗਰ ਕਿਸੇ ਔਰਤ ਨੂੰ ਮਾਹਵਾਰੀ ਵੇਲੇ ਸਿਰ ਵਿੱਚ ਦਰਦ ਦੀ ਸ਼ਿਕਾਇਤ ਅਤੇ ਖੋਪੜੀ ਵਿੱਚ ਜਲਣ ਰਹਿੰਦੀ ਹੈ ਤਾਂ ਉਹਦੇ ਵਾਸਤੇ ਵੀ ਇਹ ਬਹੁਤ ਪ੍ਰਭਾਵਸ਼ਾਲੀ ਹੁੰਦੀ ਹੈ । ਇਸ ਦਵਾਈ ਦੀਆਂ 20, 20 ਬੂੰਦਾਂ ਦੋ ਤਿੰਨ ਚਮਚ ਕੋਸੇ ਪਾਣੀ ਵਿੱਚ ਪਾ ਕੇ ਸਵੇਰੇ ਦੁਪਹਿਰੇ ਅਤੇ ਸ਼ਾਮ ਲਓ ।

**ਨੋਟ : ਕੋਈ ਵੀ ਦਵਾਈ ਵਰਤਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਜ਼ਰੂਰ ਕਰਿਆ ਕਰੋ ।**

**ਡਾਕਟਰ ਇੰਦਰਜੀਤ ਕਮਲ**


## ਪਛਤਾਵਾ....

ਵਿਆਹ ਤੋਂ ਸੱਤ ਕੁ ਸਾਲ ਬਾਅਦ ਮੀਤ ਦੇ ਪਤੀ ਦੀ ਮੌਤ ਇੱਕ ਐਕਸੀਡੈਂਟ ਵਿੱਚ ਹੋ ਗਈ ਸੀ। ਮੀਤ ਦੇ ਪਤੀ ਦੀ ਮੌਤ ਦਾ ਪੂਰੇ ਇਲਾਕੇ ਵਿੱਚ ਬਹੁਤ ਸੋਗ ਰਿਹਾ। ਪਿੱਛੇ ਤਿੰਨ ਧੀਆਂ ਅਤੇ ਮੀਤ ਇਕੱਲਿਆਂ ਨੂੰ ਛੱਡ ਕੇ ਅਣਿਆਈ ਮੌਤੇ ਜਾਣ ਕਾਰਨ ਘਰ ਵਿੱਚ ਸੰਨਾਟਾ ਛਾਅ ਗਿਆ ਸੀ। ਹਰ ਕੋਈ ਮੀਤ ਅਤੇ ਉਸਦੀਆਂ ਧੀਆਂ ਦੀ ਫ਼?ਕਰ ਬਾਰੇ ਗੱਲ ਕਰਦਾ, ਪਰ ਕੋਈ ਵੀ ਉਹਨਾਂ ਦੀ ਰਹਿਨੁਮਾਈ ਨਾ ਕਰਦਾ। ਜਿਵੇਂ ਕਿ ਦੁਨੀਆਂ ਵਿੱਚ ਰਸਤੇ ਦੱਸਣ ਵਾਲੇ ਤਾਂ ਬਹੁਤ ਹੁੰਦੇ ਹਨ, ਪਰ ਸਹੀ ਰਸਤਾ ਦੱਸਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਮੀਤ ਚਾਹੇ ਅੰਦਰੋਂ ਟੁੱਟ ਚੁੱਕੀ ਸੀ, ਪਰ ਉਹ ਆਪਣੀਆਂ ਧੀਆਂ ਦਾ ਹੌਂਸਲਾ ਕਦੀ ਵੀ ਨਹੀਂ ਸੀ ਟੁੱਟਣ ਦਿੰਦੀ। ਤਿੰਨੋਂ ਕੁੜੀਆਂ ਪੜ੍ਹਾਈ ਵਿੱਚ ਚੰਗੀਆਂ ਸਨ। ਜਿਉਂ ਹੀ ਵੱਡੀ ਕੁੜੀ ਨੇ ਬਾਰਵੀਂ ਜਮਾਤ ਪਾਸ ਕੀਤੀ, ਤਾਂ ਸਾਰਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਸ ਦਾ ਵਿਆਹ ਕਰ ਦਿਉ। ਪਿੱਛੇ ਦੋ ਕੁੜੀਆਂ ਹੋਰ ਵੀ ਦਿਸਦੀਆਂ ਸਨ। ਮੀਤ ਦਾ ਭਰਾ ਉਸ ਦੀ ਬਹੁਤ ਮਦਦ ਕਰਦਾ ਸੀ। ਉਸ ਨੇ ਆਪਣੇ ਭਰਾ ਨਾਲ ਸਲਾਹ ਕੀਤੀ ਤਾਂ ਉਸ ਨੇ ਕਿਹਾ ਕਿ ਜੇ ਇਹ ਪੜ੍ਹਨਾ ਚਾਹੁੰਦੀਆਂ ਹਨ, ਤਾਂ ਇਹਨਾਂ ਨੂੰ ਪੜ੍ਹਨ ਦਿਉ। ਵਿਆਹ ਦੀ ਕੋਈ ਜਲਦੀ ਨਹੀਂ ਹੈ। ਪਹਿਲਾਂ ਧੀਆਂ ਨੂੰ ਆਪਣੇ ਪੈਰਾਂ ਸਿਰ ਹੋਣਾ ਜ਼ਰੂਰੀ ਹੈ। ਮੀਤ ਨੂੰ ਜਿਵੇਂ ਭਰਾ ਦਾ ਸਹਾਰਾ ਮਿਲ ਗਿਆ ਸੀ। ਉਹ ਸਾਰਿਆਂ ਦੀਆਂ ਗੱਲਾਂ ਸੁਣ ਤਾਂ ਲੈਂਦੀ ਪਰ ਜਵਾਬ ਘੱਟ ਵੱਧ ਹੀ ਦਿੰਦੀ ਸੀ। ਉਹ ਸਮਝ ਗਈ ਸੀ ਕਿ ਮੈਨੂੰ ਗੱਲਾਂ ਵਿੱਚ ਵਰਚਾਉਣ ਵਾਲੇ ਬਹੁਤ ਹਨ, ਪਰ ਇਹ ਜੋ ਮੁਸ਼ਕਲ ਦੀ ਘੜੀ ਮੇਰੇ ਸਿਰ ਉੱਤੇ ਪਈ ਹੈ ਇਸ ਵਿੱਚੋਂ ਮੈਨੂੰ ਆਪ ਹੀ ਹਿੰਮਤ ਕਰਕੇ ਨਿਕਲਣਾ ਪੈਣਾ ਹੈ। ਉਸਨੇ ਤਿੰਨਾਂ ਧੀਆਂ ਨੂੰ ਉਹਨਾਂ ਦੀ ਮਰਜ਼ੀ ਮੁਤਾਬਕ ਪੜ੍ਹਾਇਆ। ਕਦੇ ਕਦੇ ਲੋਕੀਂ ਗੱਲਾਂ ਵੀ ਕਰਦੇ ਕਿ ਇਸ ਨੇ ਧੀਆਂ



ਵਿਆਹੁਣੀਆਂ ਨਹੀਂ ਇਵੇਂ ਹੀ ਕੁਆਰੀਆਂ ਰਹਿ ਜਾਣੀਆਂ ਹਨ। ਮੀਤ ਸਭ ਦੀਆਂ ਗੱਲਾਂ ਸੁਣਦੀ ਅਤੇ ਉਸ ਪਰਮਾਤਮਾ ਉੱਤੇ ਡੋਰੀਆਂ ਸੁੱਟ ਦਿੰਦੀ। ਕਦੀ-ਕਦੀ ਇਕੱਲੀ ਬੈਠ ਕੇ ਮਨ ਭਰ ਲੈਂਦੀ, ਪਰ ਧੀਆਂ ਸਾਹਮਣੇ ਕਦੀ ਵੀ ਕਮਜ਼ੋਰ ਨਾ ਪੈਂਦੀ। ਕਈ ਰਿਸ਼ਤੇਦਾਰ ਵੀ ਰਿਸ਼ਤੇ ਲਿਆਉਂਦੇ ਪਰ ਮੀਤ ਨਾਂਹ ਕਰ ਦਿੰਦੀ। ਕਈ ਇਸ ਗੱਲੋਂ ਉਸ ਨਾਲ? ਨਰਾਜ਼ ਵੀ ਹੋ ਗਏ ਸਨ, ਪਰ ਉਹ ਕਿਸੇ ਦੀ ਪਰਵਾਹ ਨਾ ਕਰਦੀ। ਉਧਰੋਂ ਦਿਓਰ ਨੇ ਵੀ ਕਾਫ਼ੀ ਤੰਗ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਪੈਲੀ ਦੇ ਦੋ ਹਿੱਸੇ ਆਪ ਸਾਂਭ ਗਿਆ ਅਤੇ ਇੱਕ ਹਿੱਸਾ ਮੀਤ ਨੂੰ ਦੇ ਦਿੱਤਾ। ਉਸ ਦੇ ਦੋ ਪੁੱਤਰ ਸਨ ਜਿਨ੍ਹਾਂ ਦਾ ਉਸ ਨੂੰ ਬਹੁਤ ਹੰਕਾਰ ਸੀ। ਉਹ ਕਹਿੰਦਾ ਕਿ ਇਸ ਦੀਆਂ ਤਾਂ ਧੀਆਂ ਹੀ ਹਨ.. ਇਸਨੇ ਪੈਲੀ ਕੀ ਕਰਨੀ ਹੈ। ਪਿੰਡ ਵਾਲਿਆਂ ਅਤੇ ਰਿਸ਼ਤੇਦਾਰਾਂ ਨੇ ਵੀ ਮੀਤ ਦੇ ਹੱਕ ਵਿੱਚ ਕੋਈ ਖ਼ਾਸ ਹਾਮੀਂ ਨਾ ਭਰੀ। ਸਾਰੇ ਪਾਸਿਆਂ ਤੋਂ ਗੁਹਾਰ ਲਾ ਕੇ ਆਖ਼ਰਕਾਰ ਮੀਤ ਨੇ ਹਮੇਸ਼ਾ ਵਾਂਗ ਰੱਬ ਦੇ ਭਰੋਸੇ ਸਾਰਾ ਕੁਝ ਛੱਡ ਦਿੱਤਾ। ਹੌਲੀ ਹੌਲੀ ਮੀਤ ਦੀ ਧੀਆਂ ਪ੍ਰਤੀ ਮਿਹਨਤ ਅਤੇ ਲਗਨ ਰਾਸ ਆ ਗਈ। ਵੱਡੀ ਧੀ ਨੂੰ ਬੈਂਕ ਵਿਚ ਨੌਕਰੀ ਮਿਲ ਗਈ ਤਾਂ ਉਸ ਨੇ ਰੱਬ ਦਾ ਸ਼ੁਕਰ ਕੀਤਾ ਕਿ ਹੁਣ ਕੁਝ ਧਰਵਾਸ ਬੱਝਾ ਹੈ। ਛੇ ਕੁ ਮਹੀਨਿਆਂ ਬਾਅਦ ਉਸ ਨੇ ਇੱਕ ਮੋਪਡ ਲ? ਲਈ ਅਤੇ ਹੁਣ ਆਉਣਾ ਜਾਣਾ ਸੌਖਾ ਹੋ ਗਿਆ ਸੀ ਅਤੇ ਸਮੇਂ ਦੀ ਵੀ ਬੱਚਤ ਹੋ ਜਾਂਦੀ ਸੀ। ਹੁਣ ਮਾਵਾਂ ਧੀਆਂ ਨੇ ਰਲ ਕੇ ਦੋਹਾਂ ਛੋਟੀਆਂ ਨੂੰ ਉਚੇਰੀ ਪੜ੍ਹਾਈ ਕਰਵਾਉਣ ਦਾ ਜ਼ਿੰਮਾ ਉਠਾ ਲਿਆ ਸੀ। ਉਹਨਾਂ ਦੀ ਮਿਹਨਤ ਰੰਗ ਲਿਆਈ ਅਤੇ ਛੋਟੀਆਂ ਧੀਆਂ ਵੀ ਉੱਚੇ ਅਹੁਦਿਆਂ ’ਤੇ ਪਹੁੰਚ ਗਈਆ। ਇੱਕ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਬਣ ਗਈ ਅਤੇ ਇੱਕ ਪੁਲਿਸ ਅਫਸਰ ਬਣ ਗਈ। ਹੁਣ ਰਿਸ਼ਤਿਆਂ ਦੀ ਵੀ ਕੋਈ ਕਮੀ ਨਾ ਰਹੀ। ਰਿਸ਼ਤੇਦਾਰ ਵੀ ਨੇੜੇ ਢੁੱਕ-ਢੁੱਕ ਕੇ ਬੈਠਣ ਲੱਗ ਪਏ। ਦੂਸਰੇ ਪਾਸੇ ਦਿਉਰ ਨੇ ਇੱਕ ਮੁੰਡਾ ਡੌਂਕੀ ਰਾਹੀਂ ਬਾਹਰ ਭੇਜਿਆ ਸੀ ਉਹ ਵੀ ਵਾਪਸ ਆ ਗਿਆ ਅਤੇ ਛੋਟਾ ਨਸ਼ਿਆਂ ਵਿਚ ਗਲਤਾਨ ਹੋ ਚੁੱਕਾ ਸੀ। ਮੀਤ ਨੂੰ ਜਦੋਂ ਇਹ ਸਭ ਪਤਾ ਲੱਗਾ ਤਾਂ ਉਸ ਨੇ ਫਿਰ ਵੀ ਦਿਉਰ ਦੀ ਮਦਦ ਕਰਨ ਲਈ ਉਸ ਦੀ ਬਾਂਹ ਫੜੀ। ਉਸ ਨੇ ਧੀਆਂ ਨੂੰ ਕਹਿ ਕੇ ਇੱਕ ਮੁੰਡੇ ਨੂੰ ਕਿਸੇ ਕੰਪਨੀ ਵਿਚ ਲਗਵਾਇਆ ਅਤੇ ਦੂਸਰੇ ਨੂੰ ਨਸ਼ਾ ਮੁਕਤ ਸੈਂਟਰ ਵਿਚ ਭਰਤੀ ਕਰਵਾਇਆ ਤਾਂ ਕਿ ਉਹ ਵੀ ਸਹੀ ਰਸਤੇ ’ਤੇ ਆ ਸਕੇ। ਇਹ ਸਭ ਵੇਖ ਕੇ ਉਸ ਦਾ ਦਿਉਰ ਮਨ ਹੀ ਮਨ ਪਛਤਾ ਰਿਹਾ ਸੀ ਕਿ ਉਸਨੇ ਆਪਣੇ ਭਰਾ ਦੇ ਪਰਿਵਾਰ ਨਾਲ ਏਨਾ ਬੁਰਾ ਵਿਵਹਾਰ ਕਿਉਂ ਕੀਤਾ ਸੀ। ਅੱਜ ਉਹ ਭਾਬੀ ਦੇ ਪੈਰਾਂ ’ਤੇ ਡਿੱਗ ਪਿਆ ਅਤੇ ਪਛਤਾਵਾ ਕਰ ਰਿਹਾ ਸੀ। ਮੀਤ ਨੇ ਉਸ ਨੂੰ ਗਲ ਨਾਲ ਲਾਇਆ ਅਤੇ ਕਿਹਾ ਕੋਈ ਗੱਲ ਨਹੀਂ ਵੀਰੇ... ਤੂੰ ਤਾਂ ਮੇਰਾ ਛੋਟਾ ਵੀਰ ਹੈ। ਮੈਂ ਤੇਰੀ ਮਦਦ ਕਿਉਂ ਨਾ ਕਰਦੀ ਭਲਾ? ਗ਼ਲਤੀ ਹੋ ਜਾਵੇ ਤਾਂ ਰਿਸ਼ਤੇ ਥੋੜੀ ਤੋੜ ਦਿੱਤੇ ਜਾਂਦੇ ਹਨ। ਕੋਲ਼ ਖੜੇ ਸਾਰੇ ਪਤਵੰਤੇ ਸੱਜਣ ਜਿੰਨਾ ਨੇ ਉਸ ਦੀ ਮਦਦ ਨਹੀਂ ਕੀਤੀ ਸੀ... ਉਹ ਵੀ ਨੀਵੀਂ ਪਾ ਕੇ ਚੁੱਪ ਖੜੇ ਸਨ .... ਇਵੇਂ ਲੱਗ ਰਿਹਾ ਸੀ ਜਿਵੇਂ ਉਹ ਵੀ ਮਨ ਹੀ ਮਨ ਪਛਤਾ ਰਹੇ ਸਨ, ਪਰ ਲਫ਼ਜ਼ ਸਾਥ ਨਹੀਂ ਦੇ ਰਹੇ ਸਨ।

**ਪਰਵੀਨ ਕੌਰ ਸਿੱਧੂ**

# ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੀ ਲੋਕਾਂ ਨੂੰ ਅਪੀਲ ਰਿਸ਼ਵਤ ਮੰਗਣ ਵਾਲਿਆਂ ਦੇ ਨਾਮ ਨਸ਼ਰ ਕਰੋ, ਕਾਰਵਾਈ ਕਰਨਾ ਸਾਡੀ ਜ਼ਿੰਮੇਵਾਰੀ

## ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਸਾਹਨੇਵਾਲ ਸਬ-ਤਹਿਸੀਲ ਦਾ ਅਚਨਚੇਤੀ ਦੌਰਾ





**ਸਾਹਨੇਵਾਲ/ਦੋਰਾਹਾ, ਲਾਲ ਸਿੰਘ ਮਾਂਗਟ**

ਸੂਬੇ ਨੂੰ ਭ੍ਰਿਸ਼ਟਾਚਾਰ ਤੋਂ ਮੁਕੰਮਲ ਤੌਰ ਉਤੇ ਮੁਕਤ ਕਰਨ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਵਾਸੀਆਂ ਨੂੰ ਕੰਮ ਕਰਵਾਉਣ ਬਦਲੇ ਰਿਸ਼ਵਤ ਮੰਗਣ ਵਾਲਿਆਂ ਦੇ ਨਾਮ ਨਸ਼ਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹੇ ਭ੍ਰਿਸ਼ਟ ਅਨਸਰਾਂ ਦੇ ਖਿਲਾਫ਼ ਸਰਕਾਰ ਸਖਤ ਤੋਂ ਸਖ਼ਤ ਕਾਰਵਾਈ ਕਰੇਗੀ। ਅੱਜ ਇੱਥੇ ਸਬ-ਤਹਿਸੀਲ ਦਫ਼ਤਰ ਅਤੇ ਸੇਵਾ ਕੇਂਦਰ ਸਾਹਨੇਵਾਲ ਦਾ ਅਚਨਚੇਤੀ ਦੌਰਾ ਕਰਨ ਮੌਕੇ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਕੰਮ ਕਰਵਾਉਣ ਦੇ ਬਦਲੇ ਰਿਸ਼ਵਤ ਲੈਣ ਦੀ ਸ਼ਿਕਾਇਤ ਸਾਹਮਣੇ ਆਉਂਦੀ ਹੈ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਰਿਸ਼ਵਤ ਮੰਗਣ ਵਾਲਿਆਂ ਦੀ ਸ਼ਿਕਾਇਤ ਕਰਨ ਲਈ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵੀ ਸਥਾਪਤ ਕੀਤੀ ਹੈ ਅਤੇ ਹੁਣ ਤੱਕ ਇਸ ਉਪਰ ਹਾਸਲ ਹੋਈਆਂ ਸ਼ਿਕਾਇਤਾਂ ਦੇ ਆਧਾਰ ਉਤੇ ਭ੍ਰਿਸ਼ਟਾਚਾਰੀਆਂ ਖਿਲਾਫ਼ ਕਾਰਵਾਈ ਕੀਤੀ ਵੀ ਜਾ ਚੁੱਕੀ ਹੈ।

ਕੈਬਨਿਟ ਮੰਤਰੀ ਮੁੰਡੀਆਂ ਨੇ ਲੋਕਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ, "ਮੈਂ ਤੁਹਾਨੂੰ ਅਪੀਲ ਕਰਦਾਂ ਹਾਂ ਕਿ ਜੇਕਰ ਕੋਈ ਵੀ ਤੁਹਾਡੇ ਕੋਲੋਂ ਰਿਸ਼ਵਤ ਮੰਗਦਾ ਹੈ ਤਾਂ ਤੁਰੰਤ ਸਾਨੂੰ ਦੱਸੋ। ਅਜਿਹੇ ਰਿਸ਼ਵਤਖੋਰਾਂ ਦੇ ਖਿਲਾਫ਼ ਕਾਰਵਾਈ ਕਰਨਾ ਸਾਡੀ ਜ਼ਿੰਮੇਵਾਰੀ ਹੈ। ਤੁਹਾਡੇ ਸਹਿਯੋਗ ਨਾਲ ਹੀ ਸ਼ਾਸਨ ਨੂੰ ਭ੍ਰਿਸ਼ਟਾਚਾਰ ਤੋਂ ਮੁਕੰਮਲ ਤੌਰ ਉਤੇ ਮੁਕਤ ਕਰਨਾ ਯਕੀਨੀ ਬਣਾਇਆ ਜਾਵੇਗਾ। ਵੱਖ-ਵੱਖ ਵਿਭਾਗਾਂ ਦੀ ਕਾਰਜਪ੍ਰਣਾਲੀ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸਾਰੇ ਵਿਭਾਗਾਂ ਦੀ ਸਥਿਤੀ ਵਿਚ ਸੁਧਾਰ ਲਿਆਉਣ ਲਈ ਵੱਡੇ ਪੱਧਰ ਉਤੇ ਯਤਨ ਕਰ ਰਹੀ ਹੈ ਤਾਂ ਕਿ ਲੋਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਹਾਸਲ ਕਰਨ ਵਿਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ 70 ਸਾਲਾਂ ਦੀ ਉਲਝੀ ਹੋਈ ਤਾਣੀ ਨੂੰ ਠੀਕ ਕੀਤਾ ਜਾ ਰਿਹਾ ਹੈ ਜਿਸ ਕਰਕੇ ਕੁਝ ਸਮੇਂ ਬਾਅਦ ਵੱਡੇ ਸੁਧਾਰ ਦੇਖਣ ਨੂੰ ਮਿਲਣਗੇ। ਇਸ ਦੌਰਾਨ ਹਰਦੀਪ ਸਿੰਘ ਮੁੰਡੀਆਂ ਨੇ ਸਬ-ਤਹਿਸੀਲ ਦਫ਼ਤਰ ਅਤੇ ਸੇਵਾ ਕੇਂਦਰ ਦਾ ਦੌਰਾ ਕਰਕੇ ਮੁਲਾਜ਼ਮਾਂ ਅਤੇ ਹਾਜ਼ਰ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਪ੍ਰਸ਼ਾਸਨਿਕ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ।

# ਪਿੰਡ ਠੱਟਾ ਵਿਖੇ ਸ੍ਰੀ ਗੁਰੂ ਹਰਕ੍ਰਿਸਨ ਸਾਹਿਬ ਜੀ ਦੇ ਗੁਰੂਦੁਆਰਾ ਦੇ ਉੱਪਰ ਤੋਂ ਲੰਘ ਰਹੀਆਂ ਬਿਜਲੀ ਦੀਆਂ ਤਾਰਾਂ ਪਾਸੇ ਕਰਨ ਦੀ ਮੰਗ



**ਝਬਾਲ,ਦਲਜੀਤ ਸਿੰਘ ਚੱਡਾ**

ਝਬਾਲ ਤੋ ਥੋੜੀ ਦੂਰ ਪਿੰਡ ਠੱਟਾ(ਬੀੜ ਸਾਹਿਬ)ਅੰਮ੍ਰਿਤਸਰ ਰੋਡ ਤੇ ਸਥਿਤ ਗੁਰੂਦੁਆਰਾ ਸ੍ਰੀ ਹਰਕ੍ਰਿਸਨ ਸਾਹਿਬ ਜੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਬਲਕਾਰ ਸਿੰਘ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਰੂਦੁਆਰਾ ਸਾਹਿਬ ਦੀ ਇਮਾਰਤ ਤੇ ਲੈਂਟਰ ਦੇ ਬਿੱਲਕੁਲ

**ਬਿਜਲੀ ਨਾਲ ਕਿਸੇ ਟਾਈਮ ਵੀ ਹੋ ਸਕਦਾ ਹਾਦਸਾ ::ਬਾਬਾ ਬਲਕਾਰ ਸਿੰਘ**

ਨਜਦੀਕ ਬਿਜਲੀ ਦੀਆਂ ਤਾਰਾਂ ਖਹਿ ਕੇ ਲੰਗਦੀਆਂ ਹਨ।ਇਹ ਤਾਰਾਂ ਵਸੋਂ ਵਾਲੇ ਘਰਾਂ ਦੇ ਉੱਪਰ ਦੀ ਹੋ ਕੇ ਗੁਰੂਦੁਆਰਾ ਸਾਹਿਬ ਦੇ ਬਣੇ ਦਰਬਾਰ ਦੇ ਲੈਂਟਰ ਨਾਲ ਲੱਗੀਆਂ ਹੋਈਆਂ ਹਨ।ਬਾਬਾ ਬਲਕਾਰ ਸਿੰਘ ਨੇ ਦੱਸਿਆਂ ਕੇ ਇਹ ਬਿੱਜਲੀ ਦੀਆਂ ਤਾਰਾਂ ਬਹੁਤ ਹੀ ਖਤਰਨਾਕ ਹਨ।ਅਸੀ ਦਰਬਾਰ ਦੇ ਉੱਪਰ (ਸੱਤ ਉੱਪਰ)ਨਹੀ ਜਾ ਸਕਦੇ ਜਦੋ ਹਨੇਰ ਝੱਖੜ ਆਉਦਾ ਹੈ ਉੱਦੋ ਇਹਦਾ ਖਤਰਾਂ ਬਣਿਆਂ ਰਹਿੰਦਾ ਹੈ।ਕਿ ਤਾਰ ਟੁੱਟ ਕੇ ਡਿੱਗ ਨਾਂ ਪਵੇ ਤੇ ਕੋਈ ਨੁਕਸਾਨ ਨਾਂ ਹੋ ਜਾਵੇ।ਨਾਲ ਲੱਗਦੇ ਘਰਾਂ ਦੇ ਉੱਪਰੋ ਤਾਰਾਂ ਲੰਘਦੀਆਂ ਹਨ ਉਹ ਵੀ ਡਰ ਡਰ ਕੇ ਰਹਿ ਰਹੇ ਹਨ।ਬਾਬਾ ਬਲਕਾਰ ਸਿੰਘ ਕਿਹਾ ਕਿ ਗੁਰੂਦੁਆਰਾ ਸਾਹਿਬ ਦੀ ਸਾਰੀ ਸੇਵਾ ਰੁਕੀ ਹੋਈ ਹੈ।ਗੁਰੂਦੁਆਰਾ ਸਾਹਿਬ ਦੇ ਲੰਗਰ ਹਾਲ ਦੀ ਉਸਾਰੀ ਅਤੇ ਲੈਂਟਰ ਰੁਕਿਆਂ ਹੋਇਆ ਹੈ ਇਹ ਤਾਰਾ ਕੋਠਿਆਂ ਦੇ ਨਾਲ ਹੀ ਜੁੜੀਆਂ ਹੋਈਆਂ ਹਨ ਤੇ ਬਹੁਤ ਹੀ ਖੱਤਰਨਾਕ ਹਨ।ਇਸ ਦੀ ਪਿੰਡ ਦੇ ਮੋਹਤਬਰ ਵਿਅਕਤੀਆਂ ਤੇ ਪਿੰਡ ਦੀ ਪੰਚਾਇਤ ਨੂੰ ਵੀ ਮੌਕਾ ਵਿਖਾਇਆ ਗਿਆ ਹੈ।ਤੇ ਸਾਰੇ ਜੁਮੇਵਾਰ ਵਿਅਕਤੀਆਂ ਨੇ ਇਹਨੂੰ ਬਹੁਤ ਖਤਰਨਾਕ ਦੱਸਿਆਂ ਹੈ।ਬਾਬਾ ਬਲਕਾਰ ਸਿੰਘ ਤੇ ਪਿੰਡ ਦੀ ਪੰਤਾਇਤ ਅਤੇ ਸਮੂੰਹ ਨਗਰ ਦੀ ਸੰਗਤ ਵੱਲੋ ਬਿਜਲੀ ਬੋਰਡ ਨੂੰ ਅਪੀਲ ਕੀਤੀ ਕਿ ਇੱਥੇ ਬਾਬਾ ਜੀ ਵੱਲੋ ਗਰੀਬ ਛੋਟੇ ਬੱਚਿਆਂ ਵਾਸਤੇ ਗੁਰਬਾਣੀ ਵਿਦਿਆਲੇ ਖੋਲੇ ਹੋਏ ਹਨ ਤਾਰਾ ਬਿਲਕੁਲ ਲਾਗੇ ਲੱਗਦੀਆਂ ਹਨ ਹਰ ਵੇਲੇ ਧਿਆਨ ਇਸ ਪਾਸੇ ਲੱਗਾ ਰਹਿੰਦਾ ਹੈ ਕਿ ਕਿਤੇ ਕੋਈ ਘਟਨਾਂ ਨਾਂ ਘੱਟ ਜਾਵੇ ਤੇ ਇਸ ਹਾਈਵੋਲਟ ਤਾਰਾਂ ਨੂੰ ਗੁਰੂਦੁਆਰਾ ਸਾਹਿਬ ਤੋ ਪਾਸੇ ਕਰ ਦਿੱਤੀਆਂ ਜਾਣ ਤਾ ਜੋ ਗੁਰੂ ਘਰ ਦੀ ਸੇਵਾ ਅੱਗੇ ਚੱਲ ਸਕੇ।ਅਸੀ ਇਸ ਦੀ ਬਿੱਜਲੀ ਬੋਰਡ ਝਬਾਲ ਦੇ ਉੱਚ ਅਧਿਕਾਰੀਆਂ ਐਸ ਡੀ ਉ ਸਾਹਿਬ ਨੂੰ ਬੇਨਤੀ ਹੈ ਕਿ ਗੁਰੂ ਘਰ ਦੇ ਉੱਪਰ ਤੋ ਤਾਰਾਂ ਪਾਸੇ ਡੇਢ ਕੁ ਸੌ ਫੁੱਟ ਦਾ ਫਾਸਲਾ ਹੈ ਤੇ ਮੋਟੀ ਕੇਬਲ ਤਾਰ ਪਾਈ ਜਾ ਸਕਦੀ ਹੈ। ਗੁਰੂ ਘਰ ਨਾਲ ਲਗਦੀਆਂ ਤਾਰਾਂ ਵੱਲ ਧਿਆਨ ਦਿੱਤਾ ਜਾਵੇ ਤੇ ਗੁਰੂ ਘਰ ਦੀ ਸੇਵਾ ਅਰੰਭ ਹੋ ਸਕੇ ਤੇ ਗੁਰੂ ਘਰ ਦੇ ਲੰਗਰ ਹਾਲ ਦੀ ਉਸਾਰੀ ਕੀਤੀ ਜਾ ਸਕੇ ਤੇ ਨਾ ਹੀ ਕੋਈ ਜਾਨੀ ਮਾਲੀ ਨੁਕਸਾਨ ਹੋ ਸਕੇ।ਇਸ ਮੋਕੇ ਮੁਖੀਇ ਬਾਬਾ ਬਲਕਾਰ ਸਿੰਘ ਤੋ ਇਲਾਵਾਂ ਸਤਨਾਮ ਸਿੰਘ,ਜਸਪਾਲ ਸਿੰਘ, ਬਲਦੇਵ ਸਿੰਘ,ਗੁਰਬਚਨ ਸਿੰਘ,ਬਲਕਾਰ ਸਿੰਘ, ਰਣਜੀਤ ਸਿੰਘ,ਸੁਖਦੇਵ ਸਿੰਘ, ਮਨਜਿੰਦਰ ਸਿੰਘ,ਸੇਰ ਸਿੰਘ,ਪਰਮਜੀਤ ਸਿੰਘ, ਸੁਖਵਿੰਦਰ ਸਿੰਘ,ਗੁਰਪ੍ਰੀਤ ਸਿੰਘ,ਗੁਰਨਾਮ ਸਿੰਘ, ਦਿਲਬਾਗ ਸਿੰਘ,ਸਰਵਨ ਸਿੰਘ, ਗੁਰਲਾਲ ਸਿੰਘ,ਪਿੰਡ ਦੇ ਸਰਪੰਚ ਵਿਸਕੀ ਢਿੱਲੋ, ਸਿਮਰਨਜੀਤ ਸਿੰਘ ਸੈਰੀ,ਕੁਲਦੀਪ ਸਿੰਘ, ਸਵਰਨ ਸਿੰਘ,ਬਿੱਕਰ ਸਿੰਘ,ਰੇਸਮ ਸਿੰਘ, ਗੁਰਪ੍ਰੀਤ ਸਿੰਘ,ਬਬਲਜੀਤ ਸਿੰਘ,ਮੇਜਰ ਸਿੰਘ,ਕਾਲਾ ਸਿੰਘ,ਮਨੀ ਸਿੰਘ,ਕਾਬਲ ਸਿੰਘ ਤੇ ਹੋਰ ਵੀ ਮੋਹਤਬਰ ਵਿਅਕਤੀ ਹਾਜਰ ਸਨ।

# ਪਿੰਡ ਝਬਾਲ ਕਲਾਂ ਵਿਖੇ ਬਾਬਾ ਖੇਤਰਪਲ ਜੀ ਦਾ ਸਲਾਨਾਂ ਜੋੜ ਮੇਲਾ ਮਨਾਇਆਂ ਗਿਆ



**ਝਬਾਲ,ਦਲਜੀਤ ਸਿੰਘ ਚੱਡਾ**

ਜੋੜ ਮੇਲੇ ਤੇ ਪਹੁੰਚੀਆਂ ਸੰਗਤਾ ਦਾ ਧੰਨਵਾਦ::ਬਾਬਾ ਲਖਵਿੰਦਰ ਸਿੰਘ

ਅੱਜ ਪਿੰਡ ਝਬਾਲ ਕਲਾਂ ਵਿਖੇ ਬਾਬਾ ਖੇਤਰਪਲ ਜੀ ਦਾ ਸਲਾਨਾਂ ਜੋੜ ਮੇਲਾਂ ਹਰ ਸਾਲ ਦੀ ਤਰਾਂ ਇਸ ਵਾਰ ਵੀ ਇਲਾਕਾਂ ਅਤੇ ਨਗਰ ਦੇ ਸਹਿਯੋਗ ਨਾਲ ਮੁਖੀ ਸੇਵਾਦਾਰ ਬਾਬਾ ਲਖਵਿੰਦਰ ਸਿੰਘ ਦੀ ਦੇਖ ਰੇਖ ਤੇ ਹਾਜਰੀ ਵਿੱਚ ਬੜੀ ਸਰਧਾਂ ਭਾਵਨਾਂ ਨਾਲ ਮਨਾਇਆ ਗਿਆ।ਕੱਲ ਬੁੱਧਵਾਰ ਵਾਲੇ ਦਿੰਨ ਮਹਿੰਦੀ ਦੀ ਰਸਮ ਕੀਤੀ ਗਈ।ਅੱਜ ਵੀਰਵਾਰ ਵਾਲੇ ਦਿਨ ਸਵੇਰੇ ਬਾਬਾ ਖੇਤਰਪਲ ਜੀ ਦੇ ਦਰਬਾਰ ਤੇ ਚਾਦਰ ਚੜਾਉਣ ਦੀ ਰਸਮ ਅਦਾ ਕੀਤੀ ਗਈ।ਮੁਰਾਦਾ ਲੈਣ ਤੇ ਸੁੱਖਣਾਂ ਲਾਉਣ ਵਾਲਿਆਂ ਸਰਧਾਲੂਆਂ ਦਾ ਸਵੇਰ ਤੋ ਹੀ ਆਉਣਾ ਜਾਣਾ ਲੱਗਾ ਰਿਹਾ।ਸਾਰਾ ਦਿਨ ਬਾਬੇ ਦੀਆਂ ਭੇਟਾਂ ਭਜਣ ਚੱਲਦੇ ਰਹੇ।ਸਵੇਰ ਤੋ ਹੀ ਸੰਗਤਾ ਵਾਸਤੇ ਚਾਹ ਪਕੌੜੇ ਤੇ ਠੰਢੇ ਮਿੱਠੇ ਜਲ ਦੀਆਂ ਸਬੀਲਾਂ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਬਾਬਾ ਲਖਵਿੰਦਰ ਸਿੰਘ ਤੋ ਇਲਾਵਾਂ ਸੇਵਾਦਾਰ ਸੁਖਵਿੰਦਰ ਸਿੰਘ,ਅਜੇਪਾਲ ਸਿੰਘ,ਵਿਜੇਪਾਲ ਸਿੰਘ,ਹੀਰਾ ਸਿੰਘ ਤੇ ਹੋਰ ਨਗਰ ਦੀਆਂ ਬੇਅੰਤ ਸੰਗਤਾਂ ਹਾਜਰ ਸਨ।

# ਨਡਾਲਾ ਪੁਲਿਸ ਨੇ ਪ੍ਰੈਗਾ ਕੈਪਸੂਲ ਸਣੇ 1 ਕਾਬੂ ਕੀਤਾ

**ਨਡਾਲਾ/ਡਾਕਟਰ ਧਰਮਪਾਲ ਸ਼ਾਰਦਾ**

ਨਡਾਲਾ ਪੁਲਿਸ ਨੇ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਇਕ ਵਿਆਕਤੀ ਨੂੰ ਪ੍ਰੈਗਾ ਕੈਪਸੂਲ ਸਣੇ ਕਾਬੂ ਕੀਤਾ ਹੈ। ਜਾਣਕਾਰੀ ਦਿੰਦਿਆਂ ਚੌਂਕੀ ਇੰਚਾਰਜ਼ ਨੇ ਦੱਸਿਆ ਕਿ ਏ ਐਸ ਆਈ ਦਲਜੀਤ ਸਿੰਘ ਪੁਲਿਸ ਪਾਰਟੀ ਸਣੇ ਗਸ਼ਤ ਦੌਰਾਨ ਲੱਖਣ ਕੇ ਪੱਡੇ ਚੌਂਕ ਮੌਜੂਦ ਸੀ ਤਾਂ ਇਤਲਾਹ ਮਿਲੀ ਕਿ ਦਲਜੀਤ ਸਿੰਘ ਉਰਫ ਕਾਕਾ ਵਾਸੀ ਬਾਮੂਵਾਲ ਥਾਣਾ ਸੁਭਾਨਪੁਰ ਜੋ ਪਰੈਗਾ ਕੈਪਸੂਲ ਵੇਚਣ ਦਾ ਕਾਰੋਬਾਰ ਕਰਦਾ ਹੈ ਜੋ ਅੱਜ ਵੀ ਆਪਣੀ ਹਵੇਲੀ ਬਾਮੂਵਾਲ ਤੋ ਛੱਪੜ ਸਾਇਡ ਵਲ ਨੂੰ ਪਰੈਗਾ ਕੈਪਸੂਲਾ ਦੀ ਸਪਲਾਈ ਕਰਨ ਲਈ ਪੈਦਲ ਆ ਰਿਹਾ ਹੈ। ਜੇਕਰ ਨੇੜੇ ਛੱਪੜ ਪਿੰਡ ਬਾਮੂਵਾਲ ਨਾਕਾਬੰਦੀ ਕੀਤੀ ਜਾਵੇ ਤਾ ਉਹ ਪਰੈਗਾ ਕੈਪਸੂਲ ਸਣੇ ਕਾਬੂ ਕੀਤਾ ਜਾ ਸਕਦਾ ਹੈ ਇਸ ਦੌਰਾਨ ਉਕਤ ਵਿਆਕਤੀ ਨੂੰ 9 ਪੱਤੇ ਪ੍ਰੈਗਾ ਕੈਪਸੂਲ ਸਣੇ ਕਾਬੂ ਕਰਕੇ ਮਾਮਲਾ ਦਰਜ਼ ਕੀਤਾ ਹੈ ਤੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ

# ਅੰਡਰ-19 ਵਿੱਚ, ਹੁਸ਼ਿਆਰਪੁਰ ਨੇ ਫਤਿਹਗੜ੍ਹ ਸਾਹਿਬ ਨੂੰ ਹਰਾ ਕੇ ਪੂਲ-ਏ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ: ਡਾ. ਘਈ

## ਕਪਤਾਨ ਸੁਰਭੀ ਦੇ ਸ਼ਾਨਦਾਰ ਆਲਰਾਉਂਡ ਪ੍ਰਦਰਸ਼ਨ ਕਾਰਨ ਹੁਸ਼ਿਆਰਪੁਰ ਨੇ 7 ਵਿਕਟਾਂ ਨਾਲ ਜਿੱਤ ਪ੍ਰਾਪਤ ਕੀਤੀ



**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਆਯੋਜਿਤ ਅੰਡਰ-19 ਮਹਿਲਾ ਕ੍ਰਿਕਟ ਅੰਤਰ ਜ਼ਿਲ੍ਹਾ ਟੂਰਨਾਮੈਂਟ ਵਿੱਚ, ਹੁਸ਼ਿਆਰਪੁਰ ਦੀ ਟੀਮ ਨੇ ਪੂਲ-ਏ ਵਿੱਚ ਲਗਾਤਾਰ ਚੌਥੀ ਜਿੱਤ ਪ੍ਰਾਪਤ ਕਰਕੇ 16 ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਕਿਹਾ ਕਿ ਇਸ ਵੱਡੀ ਜਿੱਤ ਨਾਲ, ਹੁਸ਼ਿਆਰਪੁਰ ਨੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸੁਰਭੀ ਦੇ ਆਲਰਾਉਂਡ ਪ੍ਰਦਰਸ਼ਨ ਕਾਰਨ ਹੁਸ਼ਿਆਰਪੁਰ ਨੇ ਆਪਣੇ ਆਖਰੀ ਲੀਗ ਮੈਚ ਵਿੱਚ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ 7 ਵਿਕਟਾਂ ਨਾਲ ਹਰਾ ਕੇ ਵੱਡੀ ਜਿੱਤ ਦਰਜ ਕੀਤੀ। ਡਾ. ਘਈ ਨੇ ਦੱਸਿਆ ਕਿ 50-50 ਓਵਰਾਂ ਦੇ ਇਸ ਮੈਚ ਵਿੱਚ, ਫਤਿਹਗੜ੍ਹ ਸਾਹਿਬ ਦੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 46.3 ਓਵਰਾਂ ਵਿੱਚ 10 ਵਿਕਟਾਂ ਦੇ ਨੁਕਸਾਨ 'ਤੇ 114 ਦੌੜਾਂ ਬਣਾਈਆਂ। ਜਿਸ ਵਿੱਚ ਸੋਨੀਆ ਰਾਜਪੂਤ ਨੇ 31 ਦੌੜਾਂ ਅਤੇ ਬਬਲੀਨ ਕੌਰ ਨੇ 27 ਦੌੜਾਂ ਦਾ ਯੋਗਦਾਨ ਪਾਇਆ। ਹੁਸ਼ਿਆਰਪੁਰ ਲਈ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਆਸਥਾ ਸ਼ਰਮਾ ਨੇ 3 ਵਿਕਟਾਂ, ਸੁਰਭੀ ਅਤੇ ਜੈਸਿਕਾ ਜੱਸਲ ਨੇ 2-2 ਵਿਕਟਾਂ ਅਤੇ ਫਤਿਹਗੜ੍ਹ ਸਾਹਿਬ ਦੀ ਵੰਸ਼ਿਕਾ ਨੇ 1 ਵਿਕਟ ਲਈ। ਕਪਤਾਨ ਸੁਰਭੀ ਦੀਆਂ ਨਾਬਾਦ 44 ਦੌੜਾਂ ਅਤੇ ਸੰਜਨਾ ਦੀਆਂ ਨਾਬਾਦ 43 ਦੌੜਾਂ ਦੀ ਬਦੌਲਤ 50 ਓਵਰਾਂ ਵਿੱਚ ਜਿੱਤ ਲਈ 115 ਦੌੜਾਂ ਦੇ ਟੀਚੇ ਨਾਲ ਬੱਲੇਬਾਜ਼ੀ ਕਰਦਿਆਂ ਹੁਸ਼ਿਆਰਪੁਰ ਦੀ ਟੀਮ ਨੇ 39.3 ਓਵਰਾਂ ਵਿੱਚ 3 ਵਿਕਟਾਂ ਦੇ ਨੁਕਸਾਨ 'ਤੇ 117 ਦੌੜਾਂ ਬਣਾਈਆਂ ਅਤੇ ਮੈਚ 7 ਵਿਕਟਾਂ ਨਾਲ ਜਿੱਤ ਲਿਆ। ਫਤਿਹਗੜ੍ਹ ਸਾਹਿਬ ਲਈ ਗੇਂਦਬਾਜ਼ੀ ਕਰਦਿਆਂ ਅਵਿਕਾ ਧੀਰ ਨੇ 2 ਵਿਕਟਾਂ ਲਈਆਂ। ਡਾ. ਘਈ ਨੇ ਕਿਹਾ ਕਿ ਹੁਸ਼ਿਆਰਪੁਰ ਦੀ ਟੀਮ ਆਪਣੇ ਪੂਲ ਵਿੱਚ ਲਗਾਤਾਰ ਚੌਥੀ ਜਿੱਤ ਨਾਲ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਗਈ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦਾ ਕੁਆਰਟਰ ਫਾਈਨਲ ਮੈਚ ਅੰਮ੍ਰਿਤਸਰ ਦੀ ਟੀਮ ਨਾਲ ਖੇਡਿਆ ਜਾਵੇਗਾ। ਟੀਮ ਦੀ ਇਸ ਜਿੱਤ 'ਤੇ ਉਨ੍ਹਾਂ ਟੀਮ ਦੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਮੀਦ ਪ੍ਰਗਟ ਕੀਤੀ ਕਿ ਟੀਮ ਭਵਿੱਖ ਵਿੱਚ ਵੀ ਆਪਣਾ ਚੰਗਾ ਪ੍ਰਦਰਸ਼ਨ ਜਾਰੀ ਰੱਖੇਗੀ। ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ ਨੇ ਗਰੁੱਪ ਐਸੋਸੀਏਸ਼ਨ ਵੱਲੋਂ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ 'ਤੇ ਚੇਅਰਮੈਨ ਟੂਰਨਾਮੈਂਟ ਕਮੇਟੀ ਡਾ. ਪੰਕਜ ਸ਼ਿਵ, ਸੰਯੁਕਤ ਸਕੱਤਰ ਵਿਵੇਕ ਸਾਹਨੀ ਅਤੇ ਗਰੁੱਪ ਐਸੋਸੀਏਸ਼ਨ ਦੇ ਮੈਂਬਰਾਂ ਨੇ ਟੀਮ ਨੂੰ ਵਧਾਈ ਦਿੱਤੀ ਅਤੇ ਕੁਆਰਟਰ ਫਾਈਨਲ ਲਈ ਸ਼ੁਭਕਾਮਨਾਵਾਂ ਦਿੱਤੀਆਂ। ਹੁਸ਼ਿਆਰਪੁਰ ਦੀ ਟੀਮ ਦੇ ਕੁਆਰਟਰ ਫਾਈਨਲ ਵਿੱਚ ਪਹੁੰਚਣ 'ਤੇ ਟੀਮ ਦੇ ਕੋਚ ਦਵਿੰਦਰ ਕੌਰ, ਟ?ਰੇਨਰ ਕੁਲਦੀਪ ਧਾਮੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ ਅਤੇ ਦਿਨੇਸ਼ ਸ਼ਰਮਾ ਨੇ ਵੀ ਟੀਮ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਕੁਆਰਟਰ ਫਾਈਨਲ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਆਨੰਦ ਵਿਆਹ ਕਨੂੰਨ ਨੂੰ ਸੂਬੇ 'ਚ ਲਾਗੂ ਕਰਵਾਉਂਣ ਦੇ ਮੁੱਦੇ ਤੇ ਹੋਈ ਚਰਚਾ

- ▲ ਸਿੱਖਾਂ ਦੀ ਧਾਰਮਿਕ ਨਸਲਕੁਸ਼ੀ ਕਰਨ ਤੇ ਸਰਕਾਰੀ ਮਸ਼ੀਨਰੀ ਦਾ ਹੋਇਆ ਵਿਰੋਧ
- ▲ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮਿਲਣ ਦਾ ਕੀਤਾ ਫੈਸਲਾ



**ਜੰਡਿਆਲਾ ਗੁਰੂ ਗੁਰਦੇਵ ਸਿੰਘ ਮਨਜੋਤਰਾਂ**

ਸਿੱਖ ਕੌਮ ਨੂੰ ਆ ਰਹੀਆਂ ਸਮੱਸਿਆਵਾਂ ਅਤੇ ਪੰਥਕ ਮਸਲਿਆਂ ਦੇ ਵਿਸ਼ੇ ਦੇ ਵਿਚਾਰ ਚਰਚਾ ਕਰਨ ਦੇ ਉਦੇਸ਼ ਨੂੰ ਲੈ ਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸ੍. ਸਤਨਾਮ ਸਿੰਘ ਗਿੱਲ ਅਤੇ ਉਹਨਾਂ ਦੀ ਟੀਮ ਨੇ ਸ਼੍ਰੋਮਣੀ ਪੰਥ ਅਕਾਲੀ ਦਸ਼ਮੇਸ਼ ਤਰਨਾ ਦਲ ਦੇ ਪ੍ਰਮੁੱਖ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨਾਲ ਇਥੇ ਮੁਲਾਕਾਤ ਕੀਤੀ । ਜਥੇਦਾਰ ਮੇਜਰ ਸਿੰਘ ਸੋਢੀ ਨੂੰ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਵਫਦ 'ਚ ਸ਼ਾਮਿਲ ਪੰਜਾਬ ਰਾਜ ਮਾਪੇ ਬਚਾਓ ਐਕਸ਼ਨ ਕਮੇਟੀ ਦੇ ਚੇਅਰਮੈਨ ਸੰਦੀਪ ਸਿੰਘ ਰਾਜੂ, ਰਾਜਵਿੰਦਰ ਸਿੰਘ ਰਾਜਾ, ਪੀਆਰਓ ਅੰਮ੍ਰਿਤਪਾਲ ਸਿੰਘ ਸ਼ਾਹਪੁਰ ਅਤੇ ਪੀਏ ਗੁਰਪ੍ਰੀਤ ਸਿੰਘ ਖਾਲਸਾ ਨੇ ਮੁਲਾਕਾਤ ਮੌਕੇ ਬਾਬਾ ਜੀ ਪਾਸੋਂ ਸਨਮਾਨ ਪ੍ਰਾਪਤ ਕੀਤਾ। ਸਤਨਾਮ ਸਿੰਘ ਗਿੱਲ ਅਤੇ ਚੇਅਰਮੈਨ ਸੰਦੀਪ ਸਿੰਘ ਰਾਜੂ ਨੇ ਸਿੱਖ ਸਮਦਾਇ ਦੀ ਧਾਰਮਿਕ ਤੌਰ ਤੇ ਸਰਕਾਰੀ ਅਫਸਰ ਸ਼ਾਹੀ ਵੱਲੋਂ ਕੀਤੀ ਜਾ ਰਹੀ ਧਰਮ ਦੀ ਨਸਲਕੁਸ਼ੀ ਤੇ ਇਤਰਾਜ਼ ਉਠਾਇਆ। ਉਹਨਾਂ ਨੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੂੰ ਸਿੱਖ ਸੰਗਤ ਵੱਲੋਂ ਅਪੀਲ ਕੀਤੀ ਕਿ ਉਹ ਸਿੱਖ ਪਰਿਵਾਰਾਂ ਦੇ ਵਿਆਹ ਆਨੰਦ ਮੈਰਿਜ ਐਕਟ ਤਹਿਤ ਪੰਜੀਕਰਨ ਕਰਨ ਲਈ ਸਿੱਖ ਕੌਮ ਵਲੋਂ ਪ੍ਰਤੀਨਿਧਤਾ ਕਰਨ। ਉਹਨਾਂ ਨੇ ਕਿਹਾ ਕਿ ਜਦੋਂ ਹਿੰਦੂਆਂ ਦੇ ਵਿਆਹ ਆਨੰਦ ਮੈਰਿਜ ਕਾਨੂੰਨ ਮੁਤਾਬਕ ਰਜਿਸਟਰ ਨਹੀਂ ਹੋ ਹੁੰਦੇ,ਫਿਰ ਸਿੱਖਾਂ ਦੇ ਵਿਆਹ ਹਿੰਦੂ ਮੈਰਿਜ ਐਕਟ ਤਹਿਤ ਕਿਉਂ ਰਜਿਸਟਰਡ ਕੀਤੇ ਜਾ ਰਹੇ ਹਨ।

ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਜਦੋਂ ਸਿੱਖ ਸਮਾਜ ਕੋਲ ਅਨੰਦ ਮੈਰਿਜ ਵਿਆਹ ਕਾਨੂੰਨ ਦੀ ਹੋਂਦ ਹੈ। ਫਿਰ ਹੋਣ ਹਿੰਦੂ ਮੈਰਿਜ ਐਕਟ ਤਹਿਤ ਸਿੱਖਾਂ ਦੇ ਵਿਆਹ ਪੰਜੀਕਰਨ ਕਰਕੇ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਸਿੱਖਾਂ ਦੇ ਧਾਰਮਿਕ ਅਸਤਿਤਵ ਦੀ ਨਸਲ ਕੁਸ਼ੀ ਕਿਉਂ ਕੀਤੀ ਜਾ ਰਹੀ ਹੈ। ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਨੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੂੰ ਅਪੀਲ ਕੀਤੀ ਹੈ ਕਿ ਆਪਸ 'ਚ ਪਈਆਂ ਵਕਤੀ ਦੂਰੀਆਂ ਪਾਈ ਬੈਠੇ ਸਮੂਹ ਜੁਝਾਰੂ ਲੀਡਰਾਂ ਨੂੰ ਇੱਕ ਮੰਚ ਤੇ ਲਿਆਉਣ ਲਈ ਸਮਾਜ ਹਿਤੈਸ਼ੀ ਭੂਮਿਕਾ ਨਿਭਾਉਣ। ਮੀਟਿੰਗ ਉਪਰੰਤ

ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸ਼ਮੇਸ਼ ਤਰਨਾ ਦਲ ਦੇ ਮੁੱਖੀ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੇ ਦੱਸਿਆ ਕਿ ਪੰਥਕ ਮਸਲਿਆਂ ਤੇ ਵਿਚਾਰ ਚਰਚਾ ਕਰਨ ਲਈ ਅੱਜ ਮੇਰੇ ਪੜਾਅ ਤੇ ਸੋਸ਼ਲਿਸਟ ਸਰਦਾਰ ਸਤਨਾਮ ਸਿੰਘ ਗਿੱਲ ਤੇ ਉਹਨਾਂ ਦੇ ਸਾਥੀ ਨੇ ਮੁਲਾਕਾਤ ਕੀਤੀ ਹੈ ਉਹਨਾਂ ਨੇ ਕਿਹਾ ਕਿ ਪੰਜਾਬ 'ਚ ਸਿੱਖਾਂ ਨੂੰ ਆਨੰਦ ਵਿਆਹ ਕਾਨੂੰਨ ਦੇ ਹੱਕ ਦਵਾਉਣ ਲਈ ਅਸੀਂ ਇਕੱਠੇ ਹੋ ਕੇ ਲਹਿਰ ਖੜੀ ਕਰ ਰਹੇ ਹਾਂ। ਉਨਾ ਨੇ ਕਿਹਾ ਸਿੱਖ ਭਾਈਚਾਰੇ ਦਾ ਇੱਕ ਵਫਦ ਜਲਦੀ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਮਿਲਕੇ ਮੰਗ ਕਰੇਗਾ ਕਿ ਪੰਜਾਬ ਵਿੱਚ ਆਨੰਦ ਵਿਆਹ ਕਨੂੰਨ ਲਾਗੂ ਕਰਨ ਲਈ ਸਟੇਟ ਨਾਲ ਪੱਤਰ ਵਿਹਾਰ ਕਰਨ।

ਉਨਾ ਨੇ ਕਿਹਾ ਕਿ ਅਸੀ ਪੰਜਾਬ ਵਿੱਚ ਮਿਸਾਲੀਆ ਫੈਸਲੇ ਨਾਲ ਸਿੱਖ ਸਮਾਜ ਨੂੰ ਮਜਬੂਤ ਆਧਾਰ ਪਰਦਾਨ ਕਰਾਗੇ ।




ਹੁਸ਼ਿਆਰਪੁਰ : ਏ ਐਸ ਆਈ ਪ੍ਰਿਤਪਾਲ ਸਿੰਘ ਦੇ ਸਬ ਇੰਸਪੈਕਟਰ ਬਣਨ 'ਤੇ ਤਰੱਕੀ ਦੇ ਸਟਾਰ ਲਾਉਂਦੇ ਹੋਏ ਐੱਸ ਪੀ ਡੀ ਡਾਕਟਰ ਮੁਕੇਸ਼ ਕੁਮਾਰ ਅਤੇ ਹੋਰ ।

# ਭਾਰਤ ਆਯੂਸ਼ਮਾਨ ਯੋਜਨਾ ਅਧੀਨ ਕਾਰਡ ਅੱਪਡੇਟ ਕੈਂਪ



**ਜੰਡਿਆਲਾ ਗੁਰੂ/ ਗੁਰਦੇਵ ਸਿੰਘ ਮਨਜੋਤਰਾਂ**

ਗੁਰਦੁਆਰਾ ਬਾਬਾ ਸੰਗਤ ਸਿੰਘ ਖਲਚੀਆ ਵਿਖੇ ਦੇ ਆਪ ਆਗੂ ਅਤੇ ਸਰਪੰਚ ਫਲਵਿੰਦਰ ਸਿੰਘ ਚੀਮਾ ਦੀ ਅਗਵਾਈ ਵਿਚ ਇੱਕ ਲੋਕ ਭਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਮੂਹ ਨਗਰ ਦੇ ਲੋਕਾਂ ਅਤੇ ਛੋਟੇ ਬੱਚਿਆਂ ਦੇ ਰਹਿੰਦੇ ਨਵੇਂ ਅਤੇ ਪੁਰਾਣੇ ਆਧਾਰ ਕਾਰਡਾਂ ਨੂੰ ਅੱਪਡੇਟ ਕਰਕੇ ਫੋਨ ਨੰਬਰ ਨਾਲ ਲਿੰਕ ਕੀਤਾ ਗਿਆ। ਗੱਲਬਾਤ ਮੌਕੇ ਸਰਪੰਚ ਚੀਮਾ ਨੇ ਦੱਸਿਆ ਕਿ ਸਾਡੇ ਪਿੰਡ ਦੇ ਕਾਫ਼ੀ ਲੋਕਾਂ ਦੇ ਆਧਾਰ ਕਾਰਡਾਂ ਸਬੰਧੀ ਮੁਸ਼ਕਲ ਪੇਸ਼ ਆਉਂਦੀ ਸੀ ,ਕਈ ਲੋਕ ਫ?ਰੀ ਇਲਾਜ ਦੀ ਸਹੂਲਤ ਤੋ ਵਿਰਵੇ ਰਹਿੰਦੇ ਸਨ। ਸੇਵਾ ਕੇਂਦਰਾਂ ਵਿਚ ਭੀੜ ਦੇ ਡਰੋਂ ਲੋਕ ਜਾਣ ਤੋ ਕੰਨੀ ਕਤਰਾਉਂਦੇ ਸਨ। ਅਤੇ ਸਰਕਾਰੀ ਸਹੂਲਤਾਂ ਲੋਕਾਂ ਤੱਕ ਪਹੁੰਚਾਉਣ ਲਈ ਇਹ ਉਪਰਾਲਾ ਕੀਤਾ ਗਿਆ। ਲੋਕਾਂ ਵੱਲੋਂ ਕਾਫੀ ਗਿਣਤੀ ਜਿਸ ਵਿਚ ਬੱਚਿਆਂ ਦੇ ਨਵੇਂ ਆਧਾਰ ਕਾਰਡ ਸੋਧਾਂ ,ਪੰਜ ਲੱਖ ਬੀਮਾ ਯੋਜਨਾ ਅਤੇ ਆਧਾਰ ਪੈਨ ਕਾਰਡ ਲਿੰਕ ਹੋਣ ਵਾਲੇ ਰਹਿੰਦੇ ਸਨ। ਆਏ ਸਟਾਫ ਵੱਲੋ ਕੀਤੇ ਗਏ ।ਅਤੇ ਸਸਤੀ ਕਣਕ ਮਿਲਨ ਵਾਲੇ ਜਾਂ ਆਨ ਲਾਈਨ ਹੋਏ ਕਾਰਡਾਂ ਨੂੰ 70 ਤੋਂ ਵੱਧ ਉਮਰ ਵਾਲਿਆਂ ਦੇ ਪੰਜ ਲੱਖ ਵਾਲੇ ਕਾਰਡ ਡਾਕਖਾਨੇ ਵੱਲੋਂ ਬਣਾਏ ਗਏ ਇਸ ਮੌਕੇ ਡਾਟਾ ਅੱਪਰੇਟਰ ਗੁਰਪ੍ਰੀਤ ਸਿੰਘ,ਆਧਾਰ ਅੱਪਰੇਟਰ ਡਾਕਘਰ ਪ੍ਰਭਦੀਪ ਸਿੰਘ ਸਮੂਹ ਸਟਾਫ਼ ਅਤੇ ਸਰਪੰਚ ਫਲਵਿੰਦਰ ਸਿੰਘ ਚੀਮਾ ਨਗਰ ਵਾਸੀ ਹਾਜ਼ਰ ਸਨ।

## ਸ਼ਰਾਬ ਦੇ ਠੇਕੇ ਵਿਭਾਗ ਨੇ ਇਕ ਦਿਨ ਲਈ ਕੀਤੇ ਸੀਲ?

**ਨਡਾਲਾ/ਡਾਕਟਰ ਧਰਮਪਾਲ ਸ਼ਾਰਦਾ**

ਬੇਗੋਵਾਲ, ਭੁਲੱਥ ਦੇ ਸਾਰੇ ਸ਼ਰਾਬ ਦੇ ਠੇਕੇ ਆਬਕਾਰੀ ਵਿਭਾਗ ਵੱਲੋਂ ਇਕ ਦਿਨ ਲਈ ਸੀਲ? ਕਰ ਦਿੱਤੇ ਗਏ। ਵਿਭਾਗ ਦਾ ਕਹਿਣਾ ਹੈ ਕਿ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਸ਼ਰਾਬ ਦੀ ਵਿਕਰੀ ਜਿਆਦਾ ਦਰਜ ਕੀਤੀ ਗਈ ਜਿਸ ਕਰਕੇ ਇਹ ਕਾਰਵਾਈ ਕੀਤੀ ਗਈ ਹੈ।ਜਾਣਕਾਰੀ ਦਿੰਦਿਆ? ਵਿਭਾਗ ਦੇ ਏਈਟੀਸੀ ਜਲੰਧਰ ਨਵਜੀਤ ਸਿੰਘ ਨੇ ਦੱਸਿਆ ਕਿ ਨਡਾਲਾ, ਬੇਗੋਵਾਲ ਤੇ ਭੁਲੱਥ ਸਰਕਲ ਚ ਸੂਫੀ ਗਰੁੱਪ ਦੇ ਠੇਕੇਦਾਰਾਂ ਵੱਲੋਂ ਸਰਾਬ ਦੀ ਵਿਕਰੀ ਕੀਤੀ ਜਾਂਦੀ ਹੈ ਜਿੰਨਾ ਵੱਲੋਂ ਸ਼ਰਾਬ ਦੀ ਵਿਕਰੀ ਜ਼ਿਆਦਾ ਕੀਤੀ ਗਈ ਜਿਸਦਾ ਰਿਕਾਰਡ ਐਕਸੀਜ਼ ਵਿਭਾਗ ਨਾਲ ਮੇਲ ਨਹੀ ਹੋਇਆ ,ਅਜਿਹਾ ਕਰਕੇ ਉਨਾ ਵੱਲੋਂ ਵਿਭਾਗ ਦੇ ਕਨੂੰਨਾਂ ਦੀ ਉਲੰਘਣਾ ਕੀਤੀ ਗਈ ਹੈ ਜਿਸ ਕਾਰਨ ਉੱਚ ਅਧਿਕਾਰੀਆਂ ਵੱਲੋਂ ਉਕਤ ਸਰਕਲ ਦੇ ਸ਼ਰਾਬ ਦੇ ਠੇਕਿਆਂ ਨੂੰ ਇਕ ਦਿਨ ਲਈ ਸੀਲ? ਕਰ ਦਿੱਤਾ ਗਿਆ ਹੈ ਇਸ ਸਬੰਧੀ ਬੇਗੋਵਾਲ ਸਰਕਲ ਦੇ ਇੰਚਾਰਜ਼ ਬਿਕਰਮਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨਾ ਦੱਸਿਆ ਕਿ ਇਹ ਕਾਰਵਾਈ ਕਿਉਂ ਕੀਤੀ ਹੈ ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀ ਹੈ

# ਰਾਸ਼ਟਰੀ ਆਯੁਰਵੇਦ ਸੰਸਥਾ ਪੰਚਕੂਲਾ ਨੇ ਯੋਗ ਅਭਿਆਸ ਸੈਸ਼ਨ ਮਨਾਇਆ

**ਮੋਹਾਲੀ**

21 ਜੂਨ 2025 ਨੂੰ ਪ੍ਰਸਤਾਵਿਤ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਮਨਾਉਣ ਲਈ, ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ, ਪੰਚਕੂਲਾ (ਆਯੁਸ਼ ਮੰਤਰਾਲਾ, ਭਾਰਤ ਸਰਕਾਰ) ਨੇ 19 ਜੂਨ 2025 ਨੂੰ ਸਵੇਰੇ 6:05 ਵਜੇ ਤੋਂ ਸਵੇਰੇ 6:00 ਵਜੇ ਤੱਕ ਕੈਂਪ ਵਿੱਚ 'ਕਾਮਨ ਯੋਗਾ ਪ੍ਰੋਟੋਕੋਲ' ਅਭਿਆਸ ਸੈਸ਼ਨ ਦਾ ਆਯੋਜਨ ਕੀਤਾ।

ਇਸ ਸਾਲ ਦੇ ÷ਇਕ ਧਰਤੀ, ਇਕ ਸਿਹਤ ਲਈ ਯੋਗਾ÷ ਦੇ ਵਿਸ਼ੇ 'ਤੇ ਆਯੋਜਿਤ ਇਸ ਸੈਸ਼ਨ ਦਾ ਕੋਚ ਡਾ: ਪ੍ਰਦੀਪ ਕੁਮਾਰ ਅਗਨੀਹੋਤਰੀ, ਜਨਰਲ ਸਕੱਤਰ, ਭਾਰਤੀ ਯੋਗਾ ਐਸੋਸੀਏਸ਼ਨ, ਚੰਡੀਗੜ੍ਹ ਨੇ ਦਿੱਤਾ। ਸੰਸਥਾ ਦੇ ਵਿਦਿਆਰਥੀਆਂ - ਸ਼੍ਰੀਮਤੀ ਤੀਸ਼ਾ ਢਾਲ, ਸ਼੍ਰੀਮਤੀ ਅਨਾਮਿਕਾ ਸ਼ਰਮਾ, ਸ਼੍ਰੀ ਸ਼ਿਆਮ ਸ਼ੁਕਲਾ, ਸ਼੍ਰੀਮਾਨ ਦੀਕਸ਼ਾਂਸ਼ ਦੁਆਰਾ ਯੋਗਾ ਪ੍ਰੋਟੋਕੋਲ ਦਾ ਲਾਈਵ ਪ੍ਰਦਰਸ਼ਨ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ।

ਪ੍ਰੋਗਰਾਮ ਦੀ ਅਗਵਾਈ ਸੰਸਥਾ ਦੇ ਵਾਈਸ ਚਾਂਸਲਰ ਪ੍ਰੋਫੈਸਰ ਸੰਜੀਵ ਸ਼ਰਮਾ, ਡੀਨ (ਅਕਾਦਮਿਕ ਅਤੇ ਪ੍ਰਸ਼ਾਸਨਿਕ) ਪ੍ਰੋਫੈਸਰ ਗੁਲਾਬ ਪਮਨਾਨੀ, ਡੀਨ ਇੰਚਾਰਜ ਪ੍ਰੋਫੈਸਰ ਸਤੀਸ਼ ਗੰਧਰਵਾ ਨੇ ਕੀਤੀ। ਇਸ ਯੋਗਾ ਸੈਸ਼ਨ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਕੋਆਰਡੀਨੇਟਰ ਡਾ: ਗੌਰਵ ਗਰਗ, ਮੈਂਬਰ ਸਕੱਤਰ ਡਾ: ਅਕਾਂਕਸ਼ਾ ਰਾਣਾ, ਸੰਸਥਾ ਦੇ ਫੈਕਲਟੀ ਮੈਂਬਰਾਂ, ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ।

ਸੈਸ਼ਨ ਵਿੱਚ ਵੱਖ-ਵੱਖ ਯੋਗਾ ਆਸਣ, ਸਾਹ ਲੈਣ ਦੀਆਂ ਤਕਨੀਕਾਂ ਅਤੇ ਧਿਆਨ ਅਭਿਆਸਾਂ ਨੂੰ ਸ਼ਾਮਲ ਕੀਤਾ ਗਿਆ ਜਿਸ ਨੇ ਭਾਗੀਦਾਰਾਂ ਨੂੰ ਮਾਨਸਿਕ ਅਤੇ ਸਰੀਰਕ ਸੰਤੁਲਨ ਦੀ ਭਾਵਨਾ ਮਹਿਸੂਸ ਕਰਨ ਵਿੱਚ ਮਦਦ ਕੀਤੀ।

21 ਜੂਨ ਨੂੰ ਮੁੱਖ ਸਮਾਗਮ: ਅੰਤਰਰਾਸ਼ਟਰੀ ਯੋਗਾ ਦਿਵਸ 2025 ਦਾ ਮੁੱਖ ਸਮਾਗਮ 21 ਜੂਨ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ, ਪੰਚਕੂਲਾ ਦੇ ਕੈਂਪਸ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਵਿਆਪਕ ਯੋਗਾ ਸੈਸ਼ਨ ਅਤੇ ਜਨਤਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਾਲੇ ਪ੍ਰੋਗਰਾਮ ਸ਼ਾਮਲ ਹੋਣਗੇ।



# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿੱਚ ਦਸ ਰੋਜ਼ਾ ਐਨ.ਸੀ.ਸੀ ਕੈਂਪ ਦੀ ਸ਼ੁਰੂਆਤ

**ਭੀਖੀ**

ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਭਾਰਤੀ ਫੌਜ ਦੇ ਨੇਵਲ ਯੂਨਿਟ ਵੱਲੋਂ ਲਗਾਏ ਜਾ ਰਹੇ ਦਸ ਰੋਜ਼ਾ ਐਨ.ਸੀ.ਸੀ.ਕੈਂਪ ਦੀ ਸ਼ੁਰੂਆਤ ਕੀਤੀ ਗਈ। 03 ਪੰਜਾਬ ਨੇਵਲ ਯੂਨਿਟ ਬਠਿੰਡਾ ਵੱਲੋਂ ਇਹ ਸਿਖਲਾਈ ਕੈਂਪ ਮਿਤੀ 18 ਤੋਂ ਮਿਤੀ 27 ਜੂਨ ਤੱਕ ਸਕੂਲ ਕੈਂਪਸ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਅੱਜ ਕੈਂਪ ਦੇ ਪਹਿਲੇ ਦਿਨ ਦੇ ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਕੈਂਪ ਕਮਾਡੈਂਟ ਕੈਪਟਨ ਇਸ਼ਰਾਜ ਸਿੰਘ ਕਮਾਡਿੰਗ ਅਫਸਰ 03 ਪੰਜਾਬ ਨੇਵਲ ਯੂਨਿਟ ਬਠਿੰਡਾ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੀ ਸ਼ੁਰੂਆਤ ਦੀਪ ਜੋਤੀ ਜਲਾ ਕੇ ਅਤੇ ਸਰਸਵਤੀ ਵੰਦਨਾ ਕਰਕੇ ਕੀਤੀ ਗਈ। ਇਸ ਮੌਕੇ ਉੱਤੇ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਕੈਪਟਨ ਇਸ਼ਰਾਜ ਸਿੰਘ ਨੇ ਇਸ ਸਿਖਲਾਈ ਕੈਂਪ ਵਿੱਚ ਹਿੱਸਾ ਲੈ ਰਹੇ ਐਨ.ਸੀ.ਸੀ ਕੈਡਿਟਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇੱਕ ਨਾਗਰਿਕ ਲਈ ਦੇਸ਼ ਦੀ ਸੇਵਾ ਸਰਵ ਉੱਚ ਧਰਮ ਹੈ। ਭਾਰਤੀ ਫੌਜ ਦੇ ਜਵਾਨ ਦਿਨ-ਰਾਤ ਇੱਕ ਕਰਕੇ, ਆਪਣੀ ਜਾਨ ਤਲੀ ਉੱਤੇ ਰੱਖ ਕੇ ਦੇਸ਼ ਅਤੇ

ਨਾਗਰਿਕਾਂ ਦੀ ਰੱਖਿਆ ਕਰਦੇ ਹਨ। ਵਿ?ਦਆਰਥੀਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣਾ ਕਰਤੱਵ ਸਮਝਦੇ ਹੋਏ ਭਵਿੱਖ ਵਿੱਚ ਦੇਸ਼ ਦੀ ਰੱਖਿਆ ਵਿੱਚ ਯੋਗਦਾਨ ਪਾਉਣ। ਫੌਜ ਦੁਬਾਰਾ ਅਜਿਹੇ ਕੈਂਪ ਲਗਾ ਕੇ ਐਨ.ਸੀ.ਸੀ ਕੈਡਿਟਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਕਿ ਉਹ ਵੀ ਭਵਿੱਖ ਵਿੱਚ ਫੌਜ ਵਿੱਚ ਸ਼ਾਮਿਲ ਹੋ ਕੇ ਬਿਹਤਰੀਨ ਢੰਗ ਨਾਲ ਦੇਸ਼ ਦੀ ਰੱਖਿਆ ਵਿੱਚ ਆਪਣਾ ਯੋਗਦਾਨ ਦੇ ਸਕਣ। ਇਸ ਸਮੇਂ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਇਸ ਦਸ ਰੋਜਾ ਸਿਖਲਾਈ ਕੈਂਪ ਵਿੱਚ ਪੂਰੇ ਪੰਜਾਬ ਵਿੱਚੋਂ ਵੱਖ ਵੱਖ ਸਕੂਲਾਂ ਦੇ ਲਗਭਗ 600 ਕੈਡਿਟ ਹਿੱਸਾ ਲੈ ਰਹੇ ਹਨ। ਇਸ ਕੈਂਪ ਵਿੱਚ 03 ਪੰਜਾਬ ਨੇਵਲ ਯੂਨਿਟ ਬਠਿੰਡਾ



ਦੇ ਜਵਾਨਾਂ ਵੱਲੋਂ ਐਨ ਸੀ ਸੀ ਕੈਡਿਟਾਂ ਨੂੰ ਡਰਿੱਲ, ਦੇਸ਼ ਦੇ ਵੱਖ-ਵੱਖ ਖੇਤਰਾਂ ਦੀ ਜਾਣਕਾਰੀ ਆਪਾਤਕਾਲੀਨ ਸਥਿਤੀਆਂ ਨਾਲ ਨਜਿੱਠਣ,ਨੇਵੀ ਦੇ ਵੱਖ-ਵੱਖ ਰੈਂਕਾਂ ਦੀ ਜਾਣਕਾਰੀ, ਵੱਖ-ਵੱਖ ਕਿਸਮਾਂ ਦੇ ਹਥਿਆਰਾਂ ਦੇ ਸੰਚਾਲਨ ਅਤੇ ਰੱਖ ਰਖਾਅ ਅਤੇ ਨਿਸ਼ਾਨੇਬਾਜ਼ੀ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਉੱਤੇ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ, ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇਜਿੰਦਰਪਾਲ ਜਿੰਦਲ, ਸੀਨੀ: ਮੀਤ ਪ੍ਰਧਾਨ ਪਰਸ਼ੋਤਮ ਗਰਗ, ਪ੍ਰਬੰਧਕ ਅੰਮ੍ਰਿਤ ਲਾਲ, ਮੱਖਣ ਲਾਲ, ਨਰਿੰਦਰ ਸਿੰਘ, ਗੋਬਿੰਦ ਰਾਮ ਸ਼ਰਮਾ, ਰਜਿੰਦਰ ਕੁਮਾਰ, ਤੁਸ਼ਾਰ ਕੁਮਾਰ, ਭੂਸ਼ਣ ਕੁਮਾਰ,ਸ਼?ਰੀਮਤੀ ਪੱਲਵੀ, ਸਕੂਲ ਯੂਨਿਟ ਦੇ ਛਠੌ ਸੋਮਨਾਥ ਸ਼ਰਮਾ, ਬਿਸ਼ਨੂੰ, ਸਰਬਜੀਤ ਕੌਰ ਆਦਿ ਹਾਜ਼ਰ ਸਨ।

# ਸਵਾਮੀ ਸਵਤੇ ਪ੍ਰਕਾਸ਼ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਯੋਗ ਕੈਂਪ 21 ਨੂੰ

**ਜ਼ੀਰਾ**

ਸਵਾਮੀ ਸਵਤੇ ਪ੍ਰਕਾਸ਼ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਸਾਹਮਣੇ ਟੈਲੀਫੋਨ ਐਕਸਚੇਂਜ ਜ਼ੀਰਾ ਦੀ ਅਹਿਮ ਮੀਟਿੰਗ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਜ਼ੀਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸਰਬਸਮਤੀ ਨਾਲ ਫੈਸਲਾ ਕੀਤਾ ਗਿਆ ਕਿ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ 21 ਜੂਨ 2025 ਨੂੰ ਸਵੇਰੇ 6 :30 ਵਜੇ ਸਕੂਲ ਵਿੱਚ ਲਗਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ



ਪ੍ਰਧਾਨ ਸੁਖਦੇਵ ਬਿੱਟੂ ਵਿੱਜ ਨੇ ਦੱਸਿਆ ਕਿ ਸਕੂਲ ਸਮਿਤੀ ਅਤੇ ਵਿਦਿਆਰਥੀਆਂ ਤੋਂ ਇਲਾਵਾ ਯੋਗ ਦਾ ਲਾਭ ਉਠਾਉਣ ਵਾਲੇ ਵਿਅਕਤੀਆਂ ਨੂੰ ਯੋਗ ਸਬੰਧੀ ਯੋਗ ਸਿੱਖਿਅਕ ਯੋਗ ਦੇ ਆਸਣ ਕਰਵਾਉਣਗੇ ਅਤੇ ਯੋਗ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦੇਣਗੇ। ਇਸ ਮੌਕੇ ਮੀਟਿੰਗ ਵਿੱਚ ਸਕੂਲ ਸਮਿਤੀ ਦੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ, ਵਿਭਾਗ ਸਚਿਵ ਸਤਪਾਲ ਨਰੂਲਾ, ਸਰਪ੍ਰਸਤ ਵਨੀਤਾ ਝਾਂਜੀ, ਸੁਭਾਸ਼ ਗੁਪਤਾ, ਮੈਨੇਜਰ ਜਨਕ ਰਾਜ ਗੌਤਮ, ਉਪ ਪ੍ਰਧਾਨ ਕਪਲ ਰਿਸ਼ੀ ਸੇਠੀ, ਸੁਮਨ ਬਸੀਵਾਲ, ਮੈਂਬਰ ਸੁੰਦਰਮ ਸੂਦ, ਕੇ ਕੇ ਗੁਪਤਾ, ਸਤੀਸ਼ ਦੇਵਗਨ ਆਦਿ ਹਾਜਰ ਸਨ।

# ਟਿੰਙਣੀ ਪਰਿਵਾਰ ਜਠੇਰਿਆਂ ਦਾ ਸਲਾਨਾ ਮੇਲਾ 22 ਜੂਨ ਨੂੰ ਪਿੰਡ ਵਰਪਾਲ ਚ

**ਅੰਮ੍ਰਿਤਸਰ**

ਹਰ ਸਾਲ ਦੀ ਤਰਾਂ ਇਸ ਵਾਰ ਵੀ ਟਿੰਙਣੀ ਜਠੇਰਿਆਂ ਦਾ ਸਾਲਾਨਾ ਮੇਲਾ 22 ਜੂਨ ਦਿਨ ਐਤਵਾਰ ਨੂੰ ਪਿੰਡ ਵਰਪਾਲ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਟਿੰਙਣੀ ਜਠੇਰੇ ਸਾਹਿਬ ਵੈਲਫੇਅਰ ਸੁਸਾਇਟੀ ਦੇ ਮੁੱਖ ਪ੍ਰਬੰਧਕ ਪ੍ਰਿੰਸੀਪਲ ਲਵਿੰਦਰ ਸ਼ਰਮਾ ਨੇ ਦੱਸਿਆ 22 ਜੂਨ ਨੂੰ ਮੇਲੇ ਦੀ ਸ਼ੁਰੂਆਤ 11 ਵੱਜੇ ਹੱਵਨ ਯੱਗ ਨਾਲ ਹੋਵੇਗੀ।

ਇਸ ਤੋਂ ਉਪਰੰਤ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਟਿੰਙਣੀ ਪਰਿਵਾਰ ਅਪਣੇ ਕੁਲ ਦੇਵਤਾ ਦੀ ਪੂਜਾ ਕਰਨਗੇ।ਉਹਨਾਂ ਨੇ ਦੱਸਿਆ 12 ਵੱਜੇ ਪੂਰਨ ਅਹੁਤੀ ਤੋਂ ਬਾਅਦ ਕੀਰਤਨ ਤੇ ਵਿਸ਼ਾਲ ਭੰਡਾਰਾ ਹੋਵੇਗਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਂਬਰ ਲਖਬੀਰ ਚੰਦ, ਸੁਦੇਸ਼ ਸ਼ਰਮਾ,ਕੁਲਦੀਪ ਚੰਦ ਵਰਿੰਦਰ ਸ਼ਰਮਾ, ਨਥਾ



ਸਿੰਘ, ਮਹਿੰਦਰ ਪਾਲ ਅਤੇ ਆਸ਼ੂ ਸ਼ਰਮਾ ਆਦਿ ਮੌਜੂਦ ਸਨ

# ਐਨ.ਸੀ.ਡੀ ਪ੍ਰੋਗਰਾਮ ਦੇ ਸੰਬੰਧ ਵਿੱਚ ਕੀਤੀ ਗਈ ਰੀਵਿਊ ਮੀਟਿੰਗ

## ਐਨ.ਸੀ.ਡੀ ਦੇ ਟੀਚੇ ਨੂੰ ਜਲਦ ਪੂਰਾ ਕਰਨ ਦੇ ਦਿੱਤੇ ਆਦੇਸ਼ - ਡਾ. ਪ੍ਰੇਮ ਕੁਮਾਰ

**ਕਪੂਰਥਲਾ / ਸੁਖੀਜਾ**

ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਵਿਖੇ ਸਮੂਹ ਸੀ.ਐਚ.ਓ ਅਤੇ ਏ.ਐਨ.ਐਮਜ਼ ਨਾਲ ਐਨ.ਸੀ.ਡੀ ਪ੍ਰੋਗਰਾਮ ਦੇ ਸੰਬੰਧ ਵਿੱਚ ਰੀਵਿਊ ਮੀਟਿੰਗ ਕੀਤੀ ਗਈ। ਇਸ ਦੌਰਾਨ ਮੀਟਿੰਗ ਵਿੱਚ ਵਿਸ਼ਵ ਸਿਹਤ ਸੰਗਠਨ ਤੋਂ ਐਨ.ਸੀ.ਡੀ ਪ੍ਰੋਗਰਾਮ ਦੇ ਸੁਪਰਵਾਈਜ਼ਰ ਨਰਿੰਦਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਨੇ ਮੀਟਿੰਗ ਵਿੱਚ ਸ਼ਾਮਲ ਸਮੂਹ ਮੈਂਬਰਾਂ ਨੂੰ ਜਲਦ ਤੋਂ ਜਲਦ ਰਹਿੰਦੇ ਸੀ-ਬੀ.ਏ.ਸੀ ਫਰਾਮ ਆਸ਼ਾ ਵਰਕਰਾਂ ਰਾਹੀਂ ਭਰਨ ਅਤੇ ਰੀ-ਸਕ੍ਰਿਨਿੰਗ ਕਰਨ ਲਈ ਕਿਹਾ ਤਾਂ ਜੋ ਸੀ.ਐਚ.ਓ ਅਤੇ ਏ.ਐਨ.ਐਮ ਜਲਦ ਤੋਂ ਜਲਦ ਐਨ.ਸੀ.ਡੀ ਸਕ੍ਰਿਨਿੰਗ ਕੀਤੀ ਜਾਵੇ।



ਇਸ ਦੌਰਾਨ ਵਿਸ਼ਵ ਸਿਹਤ ਸੰਗਠਨ ਤੋਂ ਐਨ.ਸੀ.ਡੀ ਪ੍ਰੋਗਰਾਮ ਦੇ ਸੁਪਰਵਾਈਜ਼ਰ ਨਰਿੰਦਰ ਸਿੰਘ ਵੱਲੋਂ ਐਨ.ਸੀ.ਡੀ ਪ੍ਰੋਗਰਾਮ ਸਬੰਧੀ ਵਿਸਥਾਰ ਨਾਲ ਟ?ਰੇਨਿੰਗ ਵੀ ਦਿੱਤੀ ਗਈ। ਉਨ੍ਹਾਂ ਹਾਈਪਰਟੇਂਸ਼ਨ ਕੀ ਹੁੰਦਾ ਹੈ ਅਤੇ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਇਸ ਸਬੰਧੀ ਵੀ ਵਿਸਥਾਰ ਨਾਲ ਦੱਸਿਆ। ਉਨ੍ਹਾਂ ਇਸ ਦੌਰਾਨ ਐਨ.ਸੀ.ਡੀ ਪੋਰਟਲ 'ਤੇ ਕਿਵੇਂ ਕੰਮ ਕਰਨਾ ਹੈ ਸੰਬੰਧੀ ਵੀ ਜਾਣਕਾਰੀ ਦਿੱਤੀ।

### ਗਰਭਵਤੀ ਮਹਿਲਾ ਦੀ ਸਮੇਂ ਸਿਰ ਏ.ਐਨ.ਸੀ ਜਾਂਚ ਲਾਜ਼ਮੀ- ਡਾ. ਪ੍ਰੇਮ ਕੁਮਾਰ

ਐਸ.ਐਮ.ਓ ਡਾ. ਪ੍ਰੇਮ ਕੁਮਾਰ ਨੇ ਮੀਟਿੰਗ ਵਿੱਚ ਹਾਜ਼ਰ ਸਮੂਹ ਸਟਾਫ ਨੂੰ ਗਰਭਵਤੀ ਮਹਿਲਾ ਦੀ ਸਮੇਂ ਸਿਰ ਏ.ਐਨ.ਸੀ ਜਾਂਚ, ਬੱਲਡ ਟੈਸਟ, ਮੈਡੀਕਲ ਜਾਂਚ ਕਰਵਾਉਣ ਆਦਿ ਲਈ ਹਦਾਇਤ ਕੀਤੀ। ਉਨ੍ਹਾਂ ਇਸ ਦੌਰਾਨ ਹਾਰੀ ਰਿਸਕ ਗਰਭਵਤੀ ਮਹਿਲਾ ਦੇ ਘਰ ਵੀ ਹੋਮ ਵਿਜ਼ਟ ਕਰਨ ਲਈ ਕਿਹਾ ਤਾਂ ਜੋ ਸਿਹਤ ਪੱਖੋ ਗਰਭਵਤੀ ਮਹਿਲਾ ਨੂੰ ਪੇਸ਼ ਆਉਦੀਂ ਔਕੜ ਦਾ ਸਮੇਂ ਸਿਰ ਪਤਾ ਕਰ ਯੋਗ ਇਲਾਜ ਕੀਤਾ ਜਾ ਸਕੇ।

# ਬਸਤੀ ਸੋਹਣ ਸਿੰਘ (ਜੌੜਾ) ਦੀ ਪੰਚਾਇਤੀ ਜਮੀਨ ਦੀ ਪ੍ਰਸ਼ਾਸਨ ਨੇ ਨਹੀਂ ਕਰਵਾਈ ਬੋਲੀ : ਸੁਰਿੰਦਰ ਸਿੰਘ ਜੌੜਾ

**ਜ਼ੀਰਾ**

ਬਲਾਕ ਜੀਰਾ ਦੇ ਪਿੰਡ ਜੌੜਾ ਦੀ ਬਸਤੀ ਸੋਹਣ ਸਿੰਘ ਵਾਲੀ ਦੀ 7 ਕਿੱਲੇ ਜਮੀਨ ਦੀ ਪ੍ਰਸ਼ਾਸਨ ਵੱਲੋਂ ਬੋਲੀ ਨਹੀਂ ਕਰਵਾਈ ਗਈ ਅਤੇ ਸਿਆਸੀ ਆਗੂਆਂ ਦੇ ਚਹੇਤੇ ਉਸ ਜਮੀਨ ਵਿੱਚ ਝੋਨਾ ਲਗਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪਿੰਡ ਜੌੜਾ ਦੇ ਵਸਨੀਕ ਅਤੇ ਕਾਂਗਰਸ ਕਮੇਟੀ ਪੰਜਾਬ ਪ੍ਰਦੇਸ਼ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਪੰਚਾਇਤੀ ਜਮੀਨ ਪੱਤਰਕਾਰਾਂ ਨੂੰ ਦਿਖਾਉਂਦੇ ਹੋਏ ਕੀਤਾ।

ਉਹਨਾਂ ਕਾਗਜ਼ ਦਿਖਾਉਂਦੇ ਹੋਏ ਕਿਹਾ ਕਿ ਮਈ ਮਹੀਨੇ ਵਿੱਚ ਬੀ ਡੀ ਪੀ ਓ ਜੀਰਾ ਨੂੰ ਇਸ ਜਮੀਨ ਦੀ ਬੋਲੀ ਕਰਵਾਉਣ ਸਬੰਧੀ ਦਰਖਾਸਤ ਦੇਣ ਦੇ ਬਾਵਜੂਦ ਵੀ ਪ੍ਰਸ਼ਾਸਨ ਸਿਆਸੀ ਆਗੂਆਂ ਦੇ ਇਸ਼ਾਰੇ ਤੇ ਪਿੰਡ ਦੀ



ਪੰਚਾਇਤੀ ਜਮੀਨ ਤੇ ਆਪਣੇ ਚਹੇਤਿਆਂ ਦਾ ਕਬਜ਼ਾ ਕਰਵਾ ਰਿਹਾ ਹੈ। ਸਰਦਾਰ ਸੁਰਿੰਦਰ ਸਿੰਘ ਜੌੜਾ ਨੇ ਅੱਗੇ ਕਿਹਾ ਕਿ ਉਹ ਇਸ ਜਮੀਨ ਸੰਬੰਧੀ ਮਾਨਯੋਗ ਡੀ ਸੀ ਫਿਰੋਜ਼ਪੁਰ, ਡੀ ਡੀ ਪੀ ਓ ਫਿਰੋਜ਼ਪੁਰ ਅਤੇ ਬੀ ਡੀ ਪੀ ਓ ਜੀਰਾ ਨੂੰ ਦਰਖਾਸਤ ਦੇ ਚੁੱਕੇ ਹਨ। ਇਸ ਸਬੰਧੀ ਜਦੋਂ ਬੀ ਡੀ ਪੀ ਓ ਜੀਰਾ ਸੁਰਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਜਿੰਨੀ ਉਹਨਾਂ ਨੂੰ ਜਾਣਕਾਰੀ ਹੈ, ਇਸ ਜਮੀਨ ਦੀ ਬੋਲੀ ਪਿੰਡ ਦੇ ਸਕੂਲ ਵਿੱਚ ਹੋ ਚੁੱਕੀ ਹੈ। ਪੱਤਰਕਾਰਾਂ ਵੱਲੋਂ ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਕਰਵਾਈ ਗਈ ਬੋਲੀ ਦੀ ਕੋਈ ਵੀਡੀਓ ਹੈ ਤਾਂ ਉਹਨਾਂ ਕਿਹਾ ਕਿ ਅੱਜ ਪੰਚਾਇਤ ਸੈਕਟਰੀ ਹਾਜ਼ਰ ਨਹੀਂ ਹਨ! ਬੋਲੀ ਦੀ ਵੀਡੀਓ ਉਹਨਾਂ ਕੋਲ ਹੋਵੇਗੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੀ ਡੀ ਪੀ ਓ ਜੀਰਾ ਦੇ ਕਹਿਣ ਅਨੁਸਾਰ ਬੋਲੀ ਕਰਵਾਈ ਗਈ ਹੈ ਪਰ ਭਰੋਸੇਯੋਗ ਸੂਤਰਾਂ ਅਨੁਸਾਰ ਕਰਵਾਈ ਗਈ ਬੋਲੀ ਦੀ ਰਕਮ ਹਾਲੇ ਤੱਕ ਕਿਸੇ ਵੀ ਬੈਂਕ ਵਿੱਚ ਜਮਾ ਨਹੀਂ ਹੋਈ!

# ਬੀਐਸਐਨਐਲ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਕੀਤਾ ਧਰਨਾ ਪ੍ਰਦਰਸ਼ਨ

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਬੀਐੱਸਐੱਨਐੱਲ,ਡੀਓਟੀ ਐੱਮਟੀਐੱਨਐੱਲ ਦੀਆਂ ਯੂਨੀਅਨਾਂ ਅਤੇ ਐਸੋਸੀਏਸ਼ਨਾਂ ਦੇ ਭਾਰਤੀ ਦੂਰਸੰਚਾਰ ਮੰਚ ਦੇ ਸੱਦੇ 'ਤੇ ਦੁਪਹਿਰ ਦੇ ਖਾਣੇ ਦੀ ਛੁੱਟੀ ਦੌਰਾਨ ਪੂਰੇ ਪੰਜਾਬ ਦੇ ਨਾਲ-ਨਾਲ ਭਾਰਤ ਦੇ ਬਾਕੀ ਹਿੱਸਿਆਂ ਵਾਂਗ ਹੁਸ਼ਿਆਰਪੁਰ ਦੇ ਰੇਲਵੇ ਮੰਡੀ ਬੀਐੱਸਐੱਨਐੱਲ ਭਵਨ ਵਿਖੇ ਧਰਨਾ ਪ੍ਰਦਰਸ਼ਨ ਦਾ ਆਯੋਜਨ ਕੀਤਾ। ਜਿਸ ਵਿੱਚ ਬੀਐੱਸਐੱਨਐੱਲ ਹੁਸ਼ਿਆਰਪੁਰ ਵਪਾਰ ਖੇਤਰ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਸੇਵਾਮੁਕਤ ਵਿਅਕਤੀਆਂ ਨੇ ਧਰਨੇ ਪ੍ਰਦਰਸ਼ਨ ਨੂੰ ਸਫਲ ਬਣਾਉਣ ਲਈ ਹਿੱਸਾ ਲਿਆ। ਜਿਸ ਵਿੱਚ ਹਰਚੰਦ ਸਿੰਘ ਜ਼ਿਲ੍ਹਾ ਸਕੱਤਰ, ਅਮਿਤ ਭੱਲਾ ਸਹਾਇਕ ਸਰਕਲ ਸਕੱਤਰ, ਬਲਵਿੰਦਰ ਕੁਮਾਰ ਸ਼ੀਮਰ, ਮੁਕੇਸ਼ ਕੁਮਾਰ ਵੀਪੀ, ਸ੍ਰੀਮਤੀ ਹਰਜੀਤ ਕੌਰ ਏਡੀਐਸ, ਆਲ ਇੰਡੀਆ ਗ੍ਰੈਜੂਏਟ ਇੰਜੀਨੀਅਰਜ਼ ਅਤੇ ਟੈਲੀਕਾਮ ਅਫਸਰ ਐਸੋਸੀਏਸ਼ਨ ਦੇ






ਸਰਬਜੀਤ ਸਿੰਘ, ਸਰਕਲ ਸਕੱਤਰ ਤਰਦੀਪ ਸ਼ਰਮਾ, ਟੈਲੀਕਾਮ ਸੁਸਾਇਟੀ ਹੁਸ਼ਿਆਰਪੁਰ ਦੇ ਸਕੱਤਰ ਪ੍ਰਦੀਪ ਕੁਮਾਰ ਅਤੇ ਹੋਰ ਕਾਰਜਕਾਰੀ ਅਤੇ ਗੈਰ ਕਾਰਜਕਾਰੀ ਅਤੇ ਸੇਵਾਮੁਕਤ ਵਿਅਕਤੀ ਮੌਜੂਦ ਸਨ। ਇਸ ਮੌਕੇ ਆਪਣੇ ਸੰਬੋਧਨ ਵਿੱਚ ਬੁਲਾਰਿਆਂ ਨੇ ਕਿਹਾ ਕਿ ਧਰਨਾ ਪ੍ਰਦਰਸ਼ਨ ਕੁੱਝ ਖਾਸ ਮੁੱਦਿਆਂ ਘਰੇਲੂ 47/57 ਤਕਨਾਲੋਜੀ ਦੇ ਸਵਦੇਸ਼ੀ ਟੈਲੀਕਾਮ ਮਿਸ਼ਨ ਦੀ ਸੁਰੱਖਿਆ, ਭਾਰਤ ਦੇ ਸੰਪ੍ਰਭੂ ਟੈਲੀਕਾਮ ਸੰਪਤੀ ਦੀ ਸੁਰੱਖਿਆ,18 ਦਸੰਬਰ 2024 ਨੂੰ 18ਵੀਂ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਬੀਐੱਸਐੱਨਐੱਲ 'ਤੇ ਆਪਣੀ 6ਵੀਂ ਰਿਪੋਰਟ ਵਿੱਚ ਜਨਤਕ ਅਦਾਰਿਆਂ ਬਾਰੇ ਕਮੇਟੀ ਦੁਆਰਾ ਕੀਤੀਆਂ ਗਈਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ,ਬੀਐੱਸਐੱਨਐੱਲ ਦੇ ਬੈਕਹਾਉਲ ਅਤੇ ਹੋਰ ਫਾਈਬਰ ਨੈੱਟਵਰਕਾਂ ਦੀ ਓਵਰਹਾਉਲਿੰਗ ਅਤੇ ਮਜ਼ਬੂਤੀ। ਬੈਕਹਾਉਲ ਵਿੱਚ ਅਕਸਰ ਸਮੱਸਿਆਵਾਂ ਅਤੇ ਘੱਟ ਨੈੱਟਵਰਕ ਉਪਲਬਧਤਾ ਕਾਰਨ ਹੋਣ ਵਾਲੇ ਮੀਡੀਆ ਆਊਟੇਜ ਨੂੰ ਰੋਕਣ ਲਈ ਵਿਕਲਪਿਕ ਵਿਧੀ, ਬੀਐੱਸਐੱਨਐੱਲ ਵਿੱਚ ਡੈਪੂਟੇਸ਼ਨਿਸਟ ਅਤੇ ਭਰਤੀ/ਐਡਜਸਟ ਕੀਤੇ ਕਰਮਚਾਰੀਆਂ ਦੀ ਤਨਖਾਹ, ਭੱਤਿਆਂ ਅਤੇ ਤਰੱਕੀ ਦੇ ਮੌਕਿਆਂ ਵਿੱਚ ਅਸਮਾਨਤਾ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਸਾਰਿਆਂ ਨੂੰ ਬਰਾਬਰ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ,ਕਿਫਾਇਤੀ ਧਾਰਾ ਨੂੰ ਹਟਾ ਕੇ ਬੀਐੱਸਐੱਨਐੱਲ ਕਰਮਚਾਰੀਆਂ ਲਈ ਤੀਜੀ ਤਨਖਾਹ ਸੋਧ ਦਾ ਹੱਲ,ਦੂਜੀ ਤਨਖਾਹ ਸੋਧ ਕਮੇਟੀ ਦੇ ਬਾਕੀ ਮੁੱਦਿਆਂ ਦਾ ਹੱਲ,ਬੀਐੱਸਐੱਨਐੱਲ ਦੀ ਮੁਨਾਫ਼ੇਦਾਰੀ ਤੋਂ ਤਨਖਾਹ ਅਤੇ ਪੈਨਸ਼ਨ ਸੋਧ ਨੂੰ ਵੱਖ ਕਰਨਾ, ਸਾਰੀਆਂ ਧਾਰਾਵਾਂ/ਕੇਡਰਾਂ ਵਿੱਚ ਸਾਰੇ ਯੋਗ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਤਰੱਕੀ ਅਤੇ ਪੁਨਰਗਠਨ ਸਮੀਖਿਆ ਦੁਆਰਾ ਢੁਕਵੀਆਂ ਤਰੱਕੀ ਵਾਲੀਆਂ ਅਸਾਮੀਆਂ ਪ੍ਰਦਾਨ ਕਰਕੇ ਬੀਐੱਸਐੱਨਐੱਲ ਕਰਮਚਾਰੀਆਂ ਨੂੰ ਘੱਟੋ-ਘੱਟ ਸਾਲਾਂ ਦੇ ਕਾਰਜਕਾਲ ਦੇ ਨਾਲ ਸੁਚਾਰੂ ਕਰੀਅਰ ਤਰੱਕੀ ਪ੍ਰਦਾਨ ਕਰਨਾ ਵਰਗੀਆਂ ਮੰਗਾਂ ਉੱਪਰ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਮੁਲਾਜ਼ਮ ਵਰਗ ਨਾਲ ਲੰਮੇ ਸਮੇਂ ਤੋਂ ਰਹੇ ਧੱਕੇਸ਼ਾਹੀ ਨੂੰ ਰੋਕਿਆ ਜਾ ਸਕੇ, ਇਸੇ ਧਰਨੇ ਨੂੰ ਟਰੇਡ ਯੂਨੀਅਨ ਆਗੂ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਲੜਾਈ ਲੰਬੇ ਸਮੇਂ ਤੋਂ ਚੱਲ ਰਹੀ ਹੈ ਜਿਸ ਵਿੱਚ ਜਿੱਤ ਕੇਵਲ ਉਸ ਹਾਲਤ ਚ ਹਾਸਲ ਹੋ ਸਕਦੀ ਹੈ ਜਦੋਂ ਪੂਰੀ ਵਫਾਦਾਰੀ ਤੇ ਇਮਾਨਦਾਰੀ ਨਾਲ ਇੱਕ ਜੁੱਟ ਹੋ ਕੇ ਸੰਘਰਸ਼ ਲੜਿਆ ਜਾ ਜਾਵੇ। ਇਸ ਮੌਕੇ ਕੇਂਦਰ ਸਰਕਾਰ ਖਿਲਾਫ ਜੋਰਦਾਰ ਨਾਰੇਬਾਜੀ ਕੀਤੀ ਗਈ।

# ਤਿੰਨ ਦਿਵਸੀ ਯੋਗਾ ਸ਼ਿਵਿਰ ਦਾ ਹਾ ਹਾ ਬੀ ਹੈਪੀ ਗਰੁੱਪ ਨੇ ਕੀਤਾ ਆਰੰਭ





**ਫਿਰੋਜ਼ਪੁਰ**

ਹਾ ਹਾ ਬੀ ਹੈਪੀ ਗਰੁੱਪ, ਫਿਰੋਜ਼ਪੁਰ ਵੱਲੋਂ ਅਤੇ ਫਿਰੋਜ਼ਪੁਰ ਜ਼ਿਲ੍ਹਾ ਯੋਗ ਸੰਘ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਚੌਥੇ ਸਾਲਾਨਾ ਯੋਗ ਸ਼ਿਵਿਰ ਦੇ ਆਯੋਜਨ ਦਾ ਅਰੰਭ ਬਾਗੀ ਪਾਰਕ ਚੌਕ ਨਾਮਦੇਵ ਫਿਰੋਜ਼ਪੁਰ ਸਿਟੀ ਵਿੱਚ ਕੀਤਾ ਗਿਆ। ਤਿੰਨ ਦਿਨਾਂ ਦੇ ਇਸ ਯੋਗ ਸ਼ਿਵਿਰ ਦੀ ਸ਼ੁਰੂਆਤ ਡਾ: ਕਮਲ ਬਾਗੀ ਦੇ ਹੱਥੋਂ ਕੀਤੀ ਗਈ। ਇਸ ਯੋਗ ਸ਼ਿਵਿਰ ਵਿੱਚ 165 ਯੋਗ ਸਾਧਕਾਂ ਨੇ ਭਾਗ ਲਿਆ। ਭਾਰਤ ਵਿਕਾਸ ਪਰਿਸ਼ਦ ਅਤੇ ਸ਼ਹਿਰ ਦੇ ਵੱਖ—ਵੱਖ ਯੋਗ ਪ੍ਰਚਾਰਕ ਆਪਣੀਆਂ ਟੀਮਾਂ ਸਮੇਤ ਸ਼ਾਮਲ ਹੋਏ। ਹਾ ਹਾ ਬੀ ਹੈਪੀ ਗਰੁੱਪ ਦੇ ਪ੍ਰਧਾਨ ਸ਼?ਰੀ ਦੇਵ ਰਾਜ ਖੁੱਲਰ ਨੇ ਦੱਸਿਆ ਕਿ ਇਹ ਗਰੁੱਪ ਪਿਛਲੇ 8 ਸਾਲਾਂ ਤੋਂ ਰੋਜ਼ਾਨਾ ਨਿਯਮਤ ਤੌਰ ਤੇ ਸਵੇਰੇ ਯੋਗ ਕਲਾਸਾਂ ਲਗਾ ਰਿਹਾ ਹੈ ਅਤੇ ਸਾਈਕਲਿੰਗ ਨੂੰ ਵੀ ਉਤਸ਼ਾਹਿਤ ਕਰਦਾ ਆ ਰਿਹਾ ਹੈ। ਸਮਾਜ ਸੇਵਾ ਦਾ ਕੋਈ ਵੀ ਮੌਕਾ ਇਹ ਗਰੁੱਪ ਹੱਥੋਂ ਜਾਣ ਨਹੀਂ ਦਿੰਦਾ। ਇਹ ਸਭ ਕੁਝ ਗਰੁੱਪ ਦੇ ਸਾਥੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਸੰਭਵ ਹੋਇਆ, ਜਿਸ ਵਿੱਚ ਸ਼?ਰੀ ਗੁਰਦੇਵ ਸਿੰਘ ਜੋਸਨ, ਸ਼?ਰੀ ਅਮਰਜੀਤ ਭੋਗਲ (ਗਰੁੱਪ ਦੇ ਸ਼ੁਭਚਿੰਤਕ ਅਤੇ ਸੰਸਥਾਪਕ ਮੈਂਬਰ), ਰੋਸ਼ਨ ਬਜਾਜ (ਕੈਸ਼ੀਅਰ), ਯੋਗ ਗੁਰੂ ਜੁਗਲ, ਮੱਖਣ ਲਾਲ, ਜਗੀਰ ਸਿੰਘ ਅਤੇ ਪਵਨ ਗੁਪਤਾ ਸ਼ਾਮਿਲ ਹਨ। ਗਰੁੱਪ ਦੇ ਸਚਿਵ ਡਾ: ਸੁਰਿੰਦਰ ਸਿੰਘ ਕਪੂਰ ਨੇ ਦੱਸਿਆ ਕਿ ਅਗਲੇ ਦੋ ਦਿਨ ਅਤੇ ਯੋਗ ਦਿਵਸ ਦੇ ਦਿਨ 300 ਤੋਂ ਵੱਧ ਯੋਗ ਸਾਧਕ ਇਸ ਸ਼ਿਵਿਰ ਦਾ ਹਿੱਸਾ ਬਨਣਗੇ। ਸਮਾਪਨ ਸਮਾਰੋਹ ਵਿੱਚ ਐਸ.ਐਸ.ਪੀ ਸ਼?ਰੀ ਭੁਪਿੰਦਰ ਸਿੰਘ ਸਿੱਧੂ ਮੁੱਖ ਅਤਿਥੀ ਹੋਣਗੇ।

# ਸਾਬਕਾ ਮੰਤਰੀ ਧਰਮਸੋਤ ਅਤੇ ਹੋਰ ਆਗੂਆਂ ਨੇ ਨਰਿੰਦਰ ਲਾਲੀ ਨੂੰ ਕੀਤਾ ਸਨਮਾਨਿਤ

**ਨਾਭਾ**

ਕਾਂਗਰਸ ਹਾਈਕਮਾਂਡ ਵੱਲੋਂ ਨਾਭਾ ਵਿਧਾਨ ਸਭਾ ਹਲਕੇ ਲਈ ਨਵਨਿਯੁਕਤ ਕੀਤੇ ਗਏ ਕੋਆਰਡੀਨੇਟਰ ਨਰਿੰਦਰ ਪਾਲ ਲਾਲੀ ਨੂੰ ਅੱਜ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਹੋਰ ਕਾਂਗਰਸੀ ਆਗੂਆਂ ਨੇ ਨਾਭਾ ਵਿੱਖੇ ਪਹੁੰਚਣ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਨਾਭਾ ਵਿਧਾਨ ਸਭਾ ਹਲਕਾ ਦੇ ਸਮੂਹ ਬਲਾਕ ਪ੍ਰਧਾਨਾ, ਮੰਡਲ ਪ੍ਰਧਾਨਾਂ, ਸਰਕਲ ਪ੍ਰਧਾਨਾਂ ਅਤੇ ਹੋਰ ਕਾਂਗਰਸੀ ਆਗੂਆਂ ਨੇ ਵੱਡੇ ਪੱਧਰ ਤੇ ਸ਼ਿਰਕਤ ਕੀਤੀ ਅਤੇ ਨਰਿੰਦਰ ਲਾਲੀ ਨੂੰ ਨਵੀਂ ਨਿਯੁਕਤੀ ਲਈ ਦਿਲੋਂ ਵਧਾਈ ਵੀ ਦਿੱਤੀ। ਇਸ ਮੌਕੇ ਲਾਲੀ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਵਿਧਾਇਕ ਧਰਮਸੋਤ



ਸਮੇਤ ਸਮੂਹ ਕਾਂਗਰਸੀ ਅਹੁਦੇਦਾਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਕਾਂਗਰਸ ਹਾਈ ਕਮਾਂਡ ਦਾ ਦਿਲੋਂ ਧੰਨਵਾਦ ਕਰਦੇ ਹਨ। ਜਿਨ੍ਹਾਂ ਨੇ ਉਹਨਾਂ ਨੂੰ ਇਸ ਜਿੰਮੇਦਾਰੀ ਨੂੰ ਦੇ ਕੇ ਵੱਡਾ ਮਾਣ ਬਖਸ਼ਿਆ ਹੈ ਅਤੇ ਉਹ ਮਿਲੀ ਹੋਈ ਇਸ ਜਿੰਮੇਵਾਰੀ ਨੂੰ ਆਪਣੀ ਤਨਦੇਹੀ ਨਾਲ ਨਿਭਾਉਣਗੇ ਤੇ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ। ਉਹਨਾਂ ਅੱਗੇ ਕਿਹਾ ਕਿ ਕਾਂਗਰਸ ਪਾਰਟੀ ਲੁਧਿਆਣਾ ਜਿਮਨੀ ਚੋਣ ਨੂੰ ਇੱਕਜੁੱਟ ਹੋ ਕੇ ਲੜ ਰਹੀ ਹੈ ਅਤੇ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਵੱਡੀ ਲੀਡ ਨਾਲ ਜਿੱਤ ਹਾਸਲ ਕਰਨਗੇ।

# ਪਿੰਡ ਉਸਮਾਨ ਖੇੜਾ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਦਾ ਆਯੋਜਨ

**ਫ਼ਾਜ਼ਿਲਕਾ**

ਸਿਵਲ ਸਰਜਨ ਫਾਜ਼ਿਲਕਾ ਡਾਕਟਰ ਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜਿਲਾ ਮਹਾਮਾਰੀ ਅਫਸਰ ਫਾਜ਼ਿਲਕਾ ਡਾਕਟਰ ਸੁਨੀਤਾ ਅਤੇ ਸੀਨੀਅਰ ਮੈਡੀਕਲ ਅਫਸਰ ਖੁਈ ਖੇੜਾ ਡਾ: ਵਿਕਾਸ ਗਾਂਧੀ ਜੀ ਦੀ ਯੋਗ ਅਗੁਵਾਈ ਵਿੱਚ ਅੱਜ ਪਿੰਡ ਉਸਮਾਨ ਖੇੜਾ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ ਇਸ ਕੈਂਪ ਵਿੱਚ ਸਿਹਤ ਵਿਭਾਗ ਦੇ ਕਰਮਚਾਰੀ ਸ੍ਰੀ ਮਨੋਹਰ ਲਾਲ ਨੇ ਮਲੇਰੀਆ ਬੁਖਾਰ ਹੋਣ ਦੇ ਕਾਰਨਾਂ, ਲੱਛਣਾਂ ਅਤੇ ਸਾਵਧਾਨੀਆਂ ਬਾਰੇ ਵਿਸਥਾਰ ਪੂਰਵਕ ਦੱਸਿਆ ਉਹਨਾਂ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਏਨਾਫਲੀਜ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਮਲੇਰੀਆ ਬੁਖਾਰ ਫੈਲਾਉਣ ਵਾਲਾ ਮੱਛਰ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਦੇ ਹੋਣ ਤੇ ਠੰਡ ਅਤੇ ਕਾਂਬੇ ਨਾਲ ਬੁਖਾਰ ਚੜਦਾ ਹੈ ਅਤੇ ਥਕਾਵਟ ਮਹਿਸੂਸ ਹੁੰਦੀ ਹੈ ਸਿਰ ਦਰਦ ਹੁੰਦਾ ਹੈ ਅਤੇ ਬੁਖਾਰ ਉਤਰਨ ਤੋਂ ਬਾਅਦ ਸਾਰਾ ਸਰੀਰ ਪਸੀਨੋ ਪਸੀਨ ਹੋ ਜਾਂਦਾ ਹੈ ਉਹਨਾਂ ਨੇ ਦੱਸਿਆ ਕਿ ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜਾ ਰਹਿਣ ਦਿਓ ਜਿੱਥੇ ਪਾਣੀ ਖੜਾ ਹੈ ਉਥੇ ਮਿੱਟੀ ਪਾਉਣੀ ਚਾਹੀਦੀ ਹੈ ਨਾਲੀਆਂ ਵਿੱਚ ਸੜਿਆ ਤੇਲ ਪਾਉਣਾ ਚਾਹੀਦਾ ਹੈ ਇਸ ਤੋਂ ਇਲਾਵਾ ਵਰਤੋਂ ਵਿੱਚ ਆਉਣ ਵਾਲੇ ਕੂਲਰਾਂ ਅਤੇ ਡਰਮਾ ਖਾਲੀ ਡੱਬਿਆਂ ਗਮਲੇ ਟਾਇਰਾਂ ਆਦਿ ਵਿੱਚ ਪਾਣੀ ਨਾ ਖੜਾ ਰਹਿਣ ਦਿਓ ਰਾਤ ਨੂੰ ਸੋਣ ਵੇਲੇ ਮੱਛਰਦਾਨੀ ਦੀ ਵਰਤੋਂ ਕਰੋ ਪੂਰੀ ਬਾਜੂ ਦੇ ਕੱਪੜੇ ਪਾਓ ਬੁਖਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਵਿੱਚ ਜਾਕੇ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ

# ਡਿਪਟੀ ਕਮਿਸ਼ਨਰ ਵੱਲੋਂ ਲੂਅ ਤੋਂ ਬਚਣ ਲਈ ਲੋਕਾਂ ਨੂੰ ਸਾਵਧਾਨੀਆਂ ਵਰਤਣ ਦੀ ਅਪੀਲ

**ਜਲੰਧਰ** : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਲੋਕਾਂ ਨੂੰ ਲੂਅ ਤੋਂ ਬਚਣ ਲਈ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ। ਡਾ. ਅਗਰਵਾਲ ਨੇ ਕਿਹਾ ਕਿ ਜੁਲਾਈ ਤੱਕ ਚੱਲਣ ਵਾਲੀਆਂ ਗਰਮ ਹਵਾਵਾਂ ਤੋਂ ਬਚਣ ਲਈ ਜਾਗਰੂਕਤਾ ਤੇ ਸਾਵਧਾਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾ ਗਰਮੀ ਹੋਣ ’ਤੇ ਸਾਡਾ ਸਰੀਰ ਪਸੀਨੇ ਦੇ ਰੂਪ ਵਿੱਚ ਗਰਮੀ ਬਾਹਰ ਕੱਢਦਾ ਹੈ ਅਤੇ ਤਾਪਮਾਨ ਨੂੰ ਨਿਯੰਤਰਿਤ ਰੱਖਦਾ ਹੈ, ਜਿਸ ਨਾਲ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਇੱਕ ਨਿਸ਼ਚਿਤ ਸੀਮਾ ਤੋਂ ਬਾਅਦ ਸਾਡੇ ਸਰੀਰ ਦਾ ਇਹ ਸਿਸਟਮ ਕੰਮ ਕਰਨਾ ਬੰਦ ਕਰ ਦਿੰਦਾ ਹੈ ਅਤੇ ਸਰੀਰ ਬਾਹਰ ਦੇ ਤਾਪਮਾਨ ਦੇ ਸਮਾਨ ਗਰਮ ਹੋ ਜਾਂਦਾ ਹੈ। ਜਿਸ ਨੂੰ ਲੂਅ ਲੱਗਣਾ ਕਹਿੰਦੇ ਜਾਂ ਫਿਰ ਹੀਟ ਸਟ?ਰੋਕ ਕਹਿੰਦੇ ਹਨ ਉਨ੍ਹਾਂ ਕਿਹਾ ਕਿ ਆਮ ਤੌਰ ’ਤੇ ਲੋਕ ਇਸਨੂੰ ਹਲਕੇ ਵਿਚ ਲੈਂਦੇ ਹਨ ਪਰ ਲੂਅ ਲੱਗਣਾ (ਹੀਟ ਸਟ?ਰੋਕ) ਬਹੁਤ ਖਤਰਨਾਕ ਹੈ। ਬੱਚਿਆਂ ਅਤੇ ਬਜ਼ੁਰਗਾਂ, ਗਰਭਵਤੀ ਔਰਤਾਂ, ਮੋਟਾਪੇ ਤੋਂ ਪੀੜਤ ਲੋਕ, ਦਿਲ ਦੇ ਮਰੀਜ਼, ਸਰੀਰਕ ਰੂਪ ਨਾਲ ਕਮਜ਼ੋਰ ਲੋਕਾਂ ਨੂੰ ਗਰਮੀ ਲੱਗਣ ਦਾ ਜ਼ਿਆਦਾ ਖਤਰਾ ਹੁੰਦਾ ਹੈ। ਇਸ ਤੋਂ ਇਲਾਵਾ ਮਜ਼ਦੂਰ ਵਰਗ, ਦਿਹਾੜੀਦਾਰ ਅਤੇ ਬੇਘਰ ਹੋ ਕੇ ਸੜਕਾਂ ਆਦਿ ਉੱਤੇ ਰਹਿਣ ਵਾਲੇ ਲੋਕ ਇਸ ਦਾ ਜਲਦ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਲੂਅ ਲੱਗਣ ਨਾਲ ਸਰੀਰ ਨੂੰ ਬੇਚੈਨੀ ਅਤੇ ਘਬਰਾਹਟ ਹੋ ਸਕਦੀ ਹੈ ਅਤੇ ਜ਼ਿਆਦਾ ਸਮਾਂ ਧੁੱਪ ਵਿਚ ਰਹਿਣ ਨਾਲ ਅੱਖਾਂ ਦੇ ਸਾਹਮਣੇ ਹਨੇਰਾ ਛਾ ਜਾਣਾ, ਚੱਕਰ ਖਾ ਕੇ ਡਿੱਗ ਪੈਣਾ, ਗੱਲ ਸਮਝਣ ਵਿਚ ਮੁਸ਼ਕਲ ਆਉਣੀ, ਚਿੜਚਿੜਾਪਣ, ਜ਼ੁਬਾਨ ਦਾ ਲੜਖੜਾਉਣਾ, ਤੁਰਨ ਸਮੇਂ ਲੜਖੜਾਉਣਾ, ਦੌਰਾ ਪੈਣਾ ਆਦਿ ਹੋ ਸਕਦੇ ਹਨ।

# ਬੇਹਾਲ ਸੜਕਾਂ, ਨਜਾਇਜ ਕਬਜੇ ਅਤੇ ਹੋਰ ਅਨੇਕਾਂ ਸਮੱਸਿਆਵਾਂ ਨਾਲ ਜੂਝਦੇ ਵੀ ਆਈ ਪੀ ਰੋਡ ਦੇ ਨਿਵਾਸੀਆਂ ਨੇ ਡੀ ਸੀ ਨੂੰ ਫਰਿਆਦ ਕਰਕੇ ਫੌਰੀ ਹੱਲ ਦੀ ਜਤਾਈ ਉਮੀਦ

**ਜ਼ੀਰਕਪੁਰ**

ਇੱਥੋਂ ਦੀ ਨਾਮੀ ਵੀ ਆਈ ਪੀ ਰੋਡ ਉੱਪਰ ਬਣੀਆਂ ਸੁਸਾਇਟੀਆਂ ਸਾਊਥ ਸਿਟੀ,ਮਾਇਆ ਗਾਰਡਨ ਫੇਸ-3 , ਮਾਇਆ ਗਾਰਡਨ ਫੇਸ 3 ਐਕਸਟੈਂਸ਼ਨ , ਸਕਾਈਲਾਇਨ ਪਾਰਕ ,ਹਰਮੀਟੇਜ ਸੈਂਟਰੈਲਿਸ, ਡੀ ਪੀ ਐਸ ਰੋਡ, ਵੀ ਆਈ ਪੀ ਐਨਕਲੇਵ , ਚੈਰੀਹਿਲ ਸੁਸਾਇਟੀ,ਸਨਸ਼ਾਈਨ ਵਗੈਰਾ ਦੇ ਨਿਵਾਸੀ ਬੁਰੇਹਾਲ ਸੜਕਾਂ , ਨਜਾਇਜ਼ ਕਬਜਿਆਂ ਆਦਿ ਤੋਂ ਬੇਹੱਦ ਪ੍ਰੇਸ਼ਾਨ ਹਨ। ਇਨਾਂ ਸੁਸਾਇਟੀਆਂ ਦੇ ਆਗੂਆਂ ਨੇ ਸੇਵਕ ਸਭਾ ਦੇ ਪ੍ਰਧਾਨ ਸ਼?ਰੀ ਸੰਦੀਪ ਪਰੂਥੀ ਦੀ ਅਗਵਾਈ ਵਿੱਚ ਅੱਜ ਜਿਲੇ ਦੇ ਡਿਪਟੀ ਕਮਿਸ਼ਨਰ ਸ਼?ਰੀ ਮਤੀ ਕੋਮਲ ਮਿੱਤਲ ਨੂੰ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ



ਡੋਮਿਨੋਸ ਚੌਕ ਤੋਂ ਲੈ ਕੇ ਸਾਊਥ ਸਿਟੀ ਸੁਸਾਇਟੀ ਤੱਕ ਅਤੇ ਇਸਦੇ ਆਲੇ ਦੁਆਲੇ ਵਸੀਆਂ ਸੁਸਾਇਟੀਆਂ ਦੇ ਲੱਗਭਗ 4000 ਪਰਿਵਾਰ ਪਿਛਲੇ ਲਗਭਗ 2 ਸਾਲਾਂ ਤੋਂ ਸੜਕਾਂ ਦੀ ਤਰਸਯੋਗ ਸੜਕ ਦੇ ਕਾਰਨ ਬੇਹੱਦ ਪ੍ਰੇਸ਼ਾਨ ਹਨ । ਸੜਕਾਂ ਦੇ ਉੱਪਰ ਡੂੰਘੇ ਖੱਡੇ ਹਨ, ਚਿੱਕੜ ਅਤੇ ਮਲਬੇ ਦੇ ਵੱਡੇ ਢੇਰਾਂ ਕਾਰਣ ਲੋਕਾਂ ਦਾ ਜੀਣਾ ਮੁਹਾਲ ਹੋ ਗਿਆ ਹੈ। ਅਣਅਧਿਕਾਰਤ ਝੁੱਗੀਆਂ, ਦੁਕਾਨਾਂ ਦੇ ਐਕਸਟੈਂਸ਼ਨ, ਬਿਲਡਰ ਐਕਸਟੈਂਸ਼ਨ ਅਤੇ ਰੇਹੜੀ ਵਾਲਿਆਂ ਦਾ ਵੱਡਾ ਕਬਜ਼ਾ ਹੈ। ਰਸਤਾ ਜੋ ਕਿ ਮੰਨਿਆ ਜਾਂਦਾ ਹੈ ਕਿ 60 ਫੁੱਟ ਚੌੜਾ ਹੈ, ਜ਼ਿਆਦਾਤਰ ਥਾਵਾਂ ’ਤੇ ਨਜਾਇਜ਼ ਕਬਜਿਆਂ ਕਾਰਣ 15-20 ਫੁੱਟ ਰਹਿ ਗਿਆ ਹੈ। ਸੜਕਾਂ ਤੇ ਲਗਾਏ ਗਏ ਬਿਜਲੀ ਦੇ ਖੰਭੇ ਇਸ ਸੜਕ ਦੇ ਘਟੇ ਹੋਏ ਸਪੈਨ ਵਿੱਚ ਇੱਕ ਹੋਰ ਵੱਡੀ ਰੁਕਾਵਟ ਹਨ। ਕਈ ਜਗਾ ਨਜਾਇਜ ਕਬਜਿਆਂ ਕਾਰਣ ਸੜਕਾਂ ਤੰਗ ਹੋ ਜਾਣ ਕਾਰਨ ਦੇ ਭੀੜ-ਭੜੱਕੇ ਵੇਲੇ ਘੰਟਿਆਂ ਬੱਧੀ ਜਾਮ ਲੱਗਾ ਰਹਿੰਦਾ ਹੈ । ਉਨਾਂ ਦੱਸਿਆ ਕਿ ਅਨੇਕਾਂ ਬਾਰ ਸਬੰਧਤ ਨੂੰ ਆਰ.ਡਬਲਯੂ.ਏ. ਦੇ ਸਮੂਹ ਦੁਆਰਾ ਬਹੁਤ ਸਾਰੀਆਂ ਬੇਨਤੀਆਂ/ਮਤੇ ਭੇਜੇ ਹਨ ਅਤੇ ਨਿਜੀ ਤੌਰ ਤੇ ਮਿਲ ਕੇ ਬੇਨਤੀਆਂ ਕੀਤੀਆਂ ਹਨ। ਕਾਰਜ ਸਾਧਕ ਅਫ਼ਸਰ. ਐਮ.ਸੀ. ਜ਼ੀਰਕਪੁਰ ਤੋਂ ਏ.ਡੀ.ਸੀ. ਤੱਕ ਬਹੁਤ ਸਾਰੇ ਸਰਕਾਰੀ ਅਧਿਕਾਰੀਆਂ ਦੁਆਰਾ ਇਸ ਸੜਕ ਦੀ ਬੇਹੱਦ ਮਾੜੀ ਹਾਲਤ ਦਾ ਨਿਰੀਖਣ ਕਰਨ ਲਈ ਕਈ ਦੌਰੇ ਕੀਤੇ ਗਏ ਹਨ। ਪਰ ਪਰਨਾਲਾ ਉੱਥੇ ਦਾ ਉੱਥੇ ਹੀ ਹੈ । ਸੜਕਾਂ ਦੀ ਭੈੜੀ ਹਾਲਤ ਕਾਰਨ ਹਰ ਰੋਜ਼ ਹਾਦਸੇ ਹੁੰਦੇ ਰਹਿੰਦੇ ਹਨ। ਉਨਾਂ ਕਿਹਾ ਕਿ ਬਰਸਾਤ ਦਾ ਮੌਸਮ ਨੇੜੇ ਹੈ ਅਤੇ ਜੇਕਰ ਕੋਈ ਤੁਰੰਤ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਸਥਿਤੀ ਹੋਰ ਵੀ ਗੰਭੀਰ ਹੋ ਜਾਵੇਗੀ। ਉਨਾਂ ਮੰਗ ਕੀਤੀ ਹੈ ਕਿ ਤੁਰੰਤ ਇਨਾਂ ਸਮੱਸਿਆਵਾਂ ਵੱਲ ਧਿਆਨ ਦੇ ਕੇ ਨਰਕ ਦਾ ਜੀਵਨ ਜੀ ਰਹੇ ਲੋਕਾਂ ਦਾ ਜਿਊਣਾ ਸੁਖਾਲਾ ਬਣਾਇਆ ਜਾਵੇ । ਇਸ ਮੌਕੇ ਸੋਨੂੰ ਗੁਪਤਾ, ਕਮਲਜੀਤ ਸਿੰਘ, ਰਤਨ ਸਿੰਘ, ਵਰਿੰਦਰ ਕੋਚਰ, ਯੌਗਿਆ ਦੱਤ ਅਤੇ ਅਮਨ ਪਰੂਥੀ ਆਦਿ ਵੀ ਮੌਜੂਦ ਸਨ।

# ਨੈਸ਼ਨਲ ਇੰਸਟੀਚਿਊਟ ਆਫ ਟੈਕਨੀਕਲ ਟੀਚਰ ਟਰੇਨਿੰਗ ਐਂਡ ਰਿਸਰਚ ਵਿਖੇ 20 ਵੀਂ ਅਤੇ 21ਵੀਂ ਸਦੀ ਵਿੱਚ ਵਿਸ਼ਵ ਵਿੱਚ ਭਾਰਤੀ ਅਤੇ ਪ੍ਰਵਾਸੀ ਭਾਰਤੀਆਂ ਦਾ ਯੋਗਦਾਨ ਵਿਸ਼ੇ ਤੇ ਵਿਸ਼ੇਸ਼ ਸ਼ੈਸਨ



**ਮੋਹਾਲੀ**

ਨੈਸ਼ਨਲ ਇੰਸਟੀਚਿਊਟ ਆਫ ਟੈਕਨੀਕਲ ਟੀਚਰ ਟ?ਰੇਨਿੰਗ ਅਐਂਡ ਰਿਸਰਚ ਵਿਖੇ ÷20ਵੀਂ ਅਤੇ 21ਵੀਂ ਸਦੀ ਵਿੱਚ ਵਿਸ਼ਵ ਵਿੱਚ ਭਾਰਤੀਆਂ ਅਤੇ ਪ੍ਰਵਾਸੀ ਭਾਰਤੀਆਂ ਦਾ ਯੋਗਦਾਨ÷ ਵਿਸ਼ੇ ’ਤੇ ਇੱਕ ਪ੍ਰੇਰਣਾਦਾਇਕ ਸੈਸ਼ਨ ਦਾ ਆਯੋਜਨ ਕੀਤਾ ਗਿਆ। ਸੈਸ਼ਨ ਨੂੰ ਉੱਘੇ ਲੇਖਕ ਅਤੇ ਸਮਾਜ ਸੇਵੀ ਸ੍ਰੀ ਰਵੀ ਕੁਮਾਰ ਅਈਅਰ ਨੇ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਨੇ ਸਬੂਤ ਅਧਾਰਤ ਜਾਣਕਾਰੀ ਸਾਂਝੀ ਕੀਤੀ ਕਿ ਕਿਵੇਂ ਭਾਰਤ ਨੇ ਮਨੁੱਖਤਾ, ਸਭਿਅਤਾਵਾਂ ਅਤੇ ਸਮਾਜ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਅਜਿਹੇ ਬਹੁਤ ਸਾਰੇ ਯੋਗਦਾਨਾਂ ਨੂੰ ਉਜਾਗਰ ਕੀਤਾ ਜਿਨ੍ਹਾਂ ਨੂੰ ਅਜੇ ਤੱਕ ਵਿਸ਼ਵ ਪੱਧਰ ’ਤੇ ਮਾਨਤਾ ਨਹੀਂ ਮਿਲੀ ਹੈ। ਉਨ੍ਹਾਂ ਨੇ ਐੱਨ.ਆਈ.ਟੀ.ਟੀ.ਟੀ.ਆਰ. ਚੰਡੀਗੜ੍ਹ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਰਾਸ਼ਟਰ ਦੇ ਮਾਣ ਨੂੰ ਮੁੜ ਹਾਸਲ ਕਰਨ ਲਈ ਆਪਣੇ ਅੰਦਰ ਦੀ ਲਾਟ ਨੂੰ ਜਗਾਉਣ ਲਈ ਪ੍ਰੇਰਿਤ ਕੀਤਾ। ਸ਼੍ਰੀ ਅਈਅਰ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਪੰਜ 9’↔ - ਨਵੀਨਤਾ, ਸੰਸਥਾਵਾਂ, ਬੁਨਿਆਦੀ ਢਾਂਚਾ, ਵਿਅਕਤੀ ਅਤੇ ਪ੍ਰੇਰਣਾ - ਭਾਰਤ ਨੂੰ ਹੋਰ ਵੀ ਵਿਸ਼ਾਲ ਅਤੇ ਮਜ਼ਬੂਤ ਬਣਾਏਗਾ। ਉਨ੍ਹਾਂ ਨੇ ਵਿਗਿਆਨ, ਰੱਖਿਆ, ਪੁਲਾੜ ਖੋਜ, ਫਾਰਮਾ, ਬਾਇਓਟੈਕਨਾਲੋਜੀ, ਇਲੈਕਟ?ਰੋਨਿਕਸ, ਸੂਚਨਾ ਤਕਨਾਲੋਜੀ ਅਤੇ ਯੂਪੀਆਈ ਅਤੇ ਉੱਦਮਤਾ ਦੇ ਖੇਤਰਾਂ ਵਿੱਚ ਭਾਰਤ ਦੇ ਸ਼ਾਨਦਾਰ ਯੋਗਦਾਨ ਨੂੰ ਵੀ ਉਜਾਗਰ ਕੀਤਾ। ਸੰਸਥਾ ਦੇ ਡਾਇਰੈਕਟਰ ਪ੍ਰੋ: ਬੀ.ਆਰ. ਗੁਰਜਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਭਾਰਤੀਆਂ ਦੀ ਸ਼ਕਤੀ ’ਤੇ ਭਰੋਸਾ ਪ੍ਰਗਟ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ’ਚ ਭਾਰਤ ਵਿਸ਼ਵ ਪੱਧਰ ’ਤੇ ਵੱਡੀ ਭੂਮਿਕਾ ਨਿਭਾਉਣ ਲਈ ਤਿਆਰ ਹੈ ਇਸ ਮੌਕੇ ’ਤੇ ਫੈਕਲਟੀ ਮੈਂਬਰ, ਅਧਿਕਾਰੀ, ਕਰਮਚਾਰੀ ਅਤੇ ਵਿਦਿਆਰਥੀਆਂ ਸਮੇਤ ਹੋਰ ਬਹੁਤ ਸਾਰੇ ਭਾਗੀਦਾਰ ਵੀ ਮੌਜੂਦ ਸਨ।

# ਸਾਹਿਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ 5 ਜੁਲਾਈ ਨੂੰ

**ਫਿਰੋਜ਼ਪੁਰ**

ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ 5 ਜੁਲਾਈ 2025 ਦਿਨ ਸ਼ਨੀਵਾਰ ਨੂੰ ਗੁਰਦੁਆਰਾ ਜੱਜਾਂ, ਕੰਬੋਜ ਨਗਰ ਫਿਰੋਜ਼ਪੁਰ ਸ਼ਹਿਰ ਵਿਖੇ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿਚ ਕੀਰਤਨੀ ਜਥੇ ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਬਰਤੋੜ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਗੁਰਪ੍ਰੀਤ ਸਿੰਘ, ਭਾਈ ਰਛਪਾਲ ਸਿੰਘ, ਭਾਈ ਲਵਪ੍ਰੀਤ ਸਿੰਘ ਫਿਰੋਜ਼ਪੁਰ ਵਾਲੇ ਢਾਡੀ ਜਥਾ ਭਾਈ ਸਤਨਾਮ ਸਿੰਘ ਲਾਲੂ ਘੁੰਮਣ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ 3 ਜੁਲਾਈ ਦਿਨ ਵੀਰਵਾਰ ਨੂੰ ਸ਼ਾਮ 5 ਵਜੇ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਨਗਰ ਕੀਰਤਨ ਦਾ ਪ੍ਰੋਗਰਾਮ ਵੀ ਹੋਵੇਗਾ। ਦੀਵਾਨ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਠੰਡੇ ਅਤੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਣਗੀਆਂ।

# ਪਾਰਕ ਦੀ ਸਾਂਭ—ਸੰਭਾਲ ਲਈ ਅਧਿਕਾਰੀਆਂ ਕੋਲ ਲਾਈ ਗੁਹਾਰ

**ਫਿਰੋਜ਼ਪੁਰ**

ਪਿਛਲੇ ਲੰਬੇ ਅਰਸੇ ਤੋਂ ਭਗਵਾਨ ਪਰਸ਼ੂਰਾਮ ਵਾਟਿਕਾ ਨੇੜੇ ਬੱਸ ਸਟੈਂਡ ਫਿ?ਰੋਜ਼ਪੁਰ ਸ਼ਹਿਰ ਦੀ ਹੋਈ ਭੰੜ—ਤੋੜ ਕਰਨ ਵਾਲੇ ਮੁਲਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਨੂੰ ਲੈ ਕੇ ਅੱਜ ਫਿਰ ਸ੍ਰੀ ਬ੍ਰਾਹਮਣ ਸਭਾ ਫਿ?ਰੋਜ਼ਪੁਰ ਦੇ ਮੈਂਬਰਾਂ ਨੇ ਉੱਚ ਅਧਿਕਾਰੀਆਂ ਨੂੰ ਦਿੱਤਾ ਮੰਗ ਪੱਤਰ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪ੍ਰਧਾਨ ਪੰਡਿਤ ਰਾਜੇਸ਼ ਕੁਮਾਰ ਦੱਤਾ, ਜਨਰਲ ਸਕੱਤਰ ਪੰਡਿਤ ਹਰੀ ਰਾਮ ਖਿੰਦੜੀ ਅਤੇ ਸਾਥੀਆਂ ਨੇ ਦੱਸਿਆ ਕਿ ਸਾਲ 2017—18 ਵਿਚ ਬਣੇ ਪਾਰਕ ਦੀ ਸਾਂਭ—ਸੰਭਾਲ ਦਾ ਜਿੰਮਾ ਨਗਰ ਕੌਂਸਲ ਵੱਲੋਂ ਸ੍ਰੀ ਬ੍ਰਾਹਮਣ ਸਭਾ ਨੂੰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋ ਭਗਵਾਨ ਪਰਸ਼ੂਰਾਮ ਵਾਟਿਕਾ ਨੇੜੇ ਬੱਸ ਸਟੈਂਡ ਫਿ?ਰੋਜ਼ਪੁਰ ਵਿਚ ਭੰਨ—ਤੋੜ ਕਰਨ, ਗਰਿੱਲਾਂ ਤੋੜਨ ਦਾ ਕੋਝਾ ਕਾਰਜ ਕੀਤਾ ਸੀ, ਜਿਸ ਸਬੰਧੀ ਪੁਲਿਸ ਪ੍ਰਸ਼ਾਸਨ ਸਮੇਤ ਨਗਰ ਕੌਂਸਲ ਨੂੰ ਲਿਖਤੀ ਸ਼ਿ?ਕਾਇਤਾਂ ਕੀਤੀਆਂ ਗਈਆਂ ਹਨ। ਉਨਾਂ ਕਿਹਾ ਕਿ ਪਾਰਕ ਸਬੰਧੀ ਲਿਖਤੀ ਵਿਚ ਪੁਲਿਸ ਪ੍ਰਸ਼ਾਸਨ ਅਤੇ ਨਗਰ ਕੌਂਸਲ ਦੇ ਦਫਤਰਾਂ ਨੂੰ ਜਾਣੂ ਕਰਵਾ ਕੇ ਆ ਰਹੀਆਂ ਮੁਸ਼ਕਿਲਾਂ ਸਬੰਧੀ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ, ਪਰ ਮੁਸ਼ਕਿਲਾਂ ਨੂੰ ਹੱਲ ਕਰਨ ਸਬੰਧੀ ਨਗਰ ਕੌਂਸਲ ਵੱਲੋਂ ਪੂਰਨ ਸਹਿਯੋਗ ਪ੍ਰਾਪਤ ਨਾ ਹੁੰਦੇ ਹੋਏ ਪਾਰਕ ਵਿਖੇ ਹੁਣ ਤੱਕ ਸਫਾਈ ਦੀ ਵਿਵਸਥਾ, ਲਾਈਟਾਂ ਦਾ ਪ੍ਰਬੰਧ, ਸੀ.ਸੀ



ਕੈਮਰੇ ਅਤੇ ਮਾਲੀ ਆਦਿ ਦੀ ਕਮੀਆਂ ਦੂਰ ਨਹੀਂ ਕੀਤੀਆਂ ਜਾ ਸਕੀਆਂ। ਬ੍ਰਾਹਮਣ ਸਭਾ ਵੱਲੋਂ ਉਪਰੋਕਤ ਮੁਸ਼ਕਿਲਾਂ ਨੂੰ ਹੱਲ ਕਰਨ ਹਿੱਤ ਕਾਰਜ ਸਾਧਕ ਅਫਸਰ ਅਤੇ ਨਗਰ ਕੌਂਸਲ ਪ੍ਰਧਾਨ ਨੂੰ ਜਾਣਕਾਰੀ ਦਿੰਦੇ ਹੋਏ ਆਪਣਾ ਸਹਿਯੋਗ ਕਰਦੇ ਹੋਏ ਪਾਰਕ ਦੀ ਸੁੰਦਰਤਾ ਲਈ ਬ੍ਰਾਹਮਣ ਸਭਾ ਵੱਲੋਂ ਤੋੜੀਆਂ ਗਈਆਂ ਗਰਿਲਾਂ ਦੀ ਥਾਂ ਤੇ ਦੀਵਾਰ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਪਾਰਕ ਦੀ ਸੁੰਦਰਤਾ ਹਿੱਤ ਅਤੇ ਲਾਈਟ ਸਬੰਧੀ ਨਗਰ ਕੌਂਸਲ ਅਨੁਸਾਰ ਕੰਮ ਕੀਤਾ ਜਾ ਰਿਹਾ ਹੈ, ਪਰ ਉਸ ਕੰਮ ਨੂੰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਆਪਣੇ ਨਿੱਜੀ ਸਵਰਥਾਂ ਹਿੱਤ ਰੋਕਿਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਇਸ ਪਾਰਕ ਨੂੰ ਪਿਛਲੇ ਸਮੇਂ ਤੋਂ ਸਵਾਰਥੀ ਅਤੇ ਸ਼ਰਾਰਤੀ ਅਨਸਰਾਂ ਵੱਲੋਂ ਸਮੇਂ—ਸਮੇਂ ਨੁਕਸਾਨ ਕੀਤਾ ਜਾ ਰਿਹਾ ਹੈ। ਸਭਾ ਵੱਲੋਂ ਪਾਰਕ ਦੀ ਦੇਖ—ਰੇਖ ਕਰਦੇ ਹੋਏ, ਸੰਭਾਲ ਵਿਚ ਆ ਰਹੀ ਮੁਸ਼ਕਿਲਾਂ ਨੂੰ ਲੈ ਕੇ ਕਮੇਟੀ ਅਧਿਕਾਰੀ ਦੇ ਧਿਆਨ ਵਿਚ ਲਿਆ ਕੇ ਪਾਰਕ ਸਬੰਧੀ ਅਧਿਕਾਰੀਆਂ ਨਾਲ ਗੱਲਬਾਤ ਤੋਂ ਬਾਅਦ ਉਸ ਦੀ ਪਾਲਣਾ ਹਿੱਤ ਕਾਰਜ ਕੀਤਾ ਜਾ ਰਿਹਾ ਹੈ, ਪਰ ਫਿਰ ਵੀ ਆਪਣੇ ਸਵਾਰਥਾਂ ਹਿੱਤ ਸਵਾਰਥੀ ਲੋਕਾਂ ਵੱਲੋਂ ਕਾਰਜ ਵਿਚ ਰੁਕਾਵਟ ਪਾਈ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਬ੍ਰਾਹਮਣਾ ਸਭਾ ਨੇ ਉਪਰੋਕਤ ਅਧਿਕਾਰੀਆਂ ਤੋਂ ਇਸ ਕਾਰਜ ਵਿਚ ਯੋਗ ਅਤੇ ਠੋਸ ਕਾਰਵਾਈ ਦੀ ਮੰਗ ਕਰਦੇ ਹੋਏ ਪਾਰਕ ਵਿਚ ਲਾਈਟਾਂ, ਸੀ.ਸੀ ਕੈਮਰੇ ਤੇ ਪਾਰਕ ਦੇ ਵਿਚੋਂ ਆਵਾਜਾਈ ਨੂੰ ਬੰਦ ਕਰਨ ਲਈ ਠੋਸ ਉਪਰਾਲੇ ਕੀਤੇ ਜਾਣ।

# ਕੈਨੇਡੀਅਨ ਖ਼ੁਫ਼ੀਆ ਏਜੰਸੀ ਦੀ ਰਿਪੋਰਟ ਨੇ ਭਾਰਤ ਦੇ ਦਾਅਵਿਆਂ ਦੀ ਕੀਤੀ ਪੁਸ਼ਟੀ : ਪ੍ਰੋ. ਸਰਚਾਂਦ ਸਿੰਘ ਖਿਆਲਾ


## ਭਾਰਤ-ਕੈਨੇਡਾ ਹਾਈ ਕਮਿਸ਼ਨਰ ਦੀ ਬਹਾਲੀ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਫ਼ਾਇਦਾ ਹੋਵੇਗਾ

**ਅੰਮ੍ਰਿਤਸਰ**

ਭਾਜਪਾ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਕੈਨੇਡਾ ਦੀ ਪ੍ਰਮੁੱਖ ਖ਼ੁਫ਼ੀਆ ਏਜੰਸੀ (CSIS) ਵੱਲੋਂ ਕੈਨੇਡੀਅਨ ਧਰਤੀ ਨੂੰ ਖਾਲਿਸਤਾਨੀ ਵੱਖਵਾਦੀ ਭਾਰਤ ਵਿੱਚ ਹਿੰਸਾ ਨੂੰ ਉਤਸ਼ਾਹਿਤ ਕਰਨ, ਫ਼ੰਡ ਇਕੱਠਾ ਕਰਨ ਅਤੇ ਯੋਜਨਾ ਬਣਾਉਣ ਲਈ ਵਰਤ ਰਹੇ ਹੋਣ ਬਾਰੇ ਅਧਿਕਾਰਤ ਖ਼ੁਲਾਸੇ ਨੇ ਭਾਰਤ ਦੇ ਦਾਅਵਿਆਂ ਦੀ ਪੁਸ਼ਟੀ ਕੀਤੀ ਹੈ, ਕਿ ਕੈਨੇਡਾ ਭਾਰਤ ਵਿਰੋਧੀ ਤੱਤਾਂ ਲਈ ਇੱਕ ਸੁਰੱਖਿਅਤ ਪਨਾਹਗਾਹ ਅਤੇ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਹੈ, ਜਿਸ ਨੂੰ ਪਿਛਲੀ ਟਰੂਡੋ ਸਰਕਾਰ ਨੇ ਰਾਜਨੀਤਿਕ ਸਵਾਰਥਾਂ ਕਾਰਨ ਹਮੇਸ਼ਾ ਨਜ਼ਰਅੰਦਾਜ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਉਠਾਏ ਗਏ ਨੁਕਤਿਆਂ ਨੂੰ ਪੁਖ਼ਤਾ ਕੀਤਾ ਹੈ। ਉਮੀਦ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ, ਜੋ ਭਾਰਤ ਨਾਲ ਚੰਗੇ ਸਬੰਧ ਚਾਹੁੰਦੇ ਹਨ ਅਤੇ ਵਿਸ਼ਵ ਮਾਮਲਿਆਂ ਵਿੱਚ ਭਾਰਤ ਦੀ ਮਹੱਤਤਾ ਨੂੰ ਸਮਝਦੇ ਹਨ, ਇਸ ਰਿਪੋਰਟ ਦੇ ਵਿਸ਼ੇ ’ਤੇ ਵਿਸ਼ੇਸ਼ ਧਿਆਨ ਦੇਣਗੇ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕੈਨੇਡਾ ਵਿੱਚ ਜੀ-7 ਸੰਮੇਲਨ ਵਿੱਚ ਸ਼ਾਮਲ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਪਿਛਲੇ ਡੇਢ ਸਾਲ ਤੋਂ ਚੱਲ ਰਹੀ ਖਟਾਸ ਨੂੰ ਖ਼ਤਮ ਕਰਨ ਅਤੇ ਦੋਵਾਂ ਦੇਸ਼ਾਂ ਵਿੱਚ ਹਾਈ ਕਮਿਸ਼ਨਰਾਂ ਅਤੇ ਡਿਪਲੋਮੈਟਾਂ ਨੂੰ ਬਹਾਲ ਕਰਨ ’ਤੇ ਪ੍ਰਗਟਾਈ ਸਹਿਮਤੀ ਨਾਲ ਦੋਹਾਂ ਦੇਸ਼ਾਂ ਦੇ ਲੋਕ ਬਹੁਤ ਖ਼ੁਸ਼ ਹਨ। ਉਨ੍ਹਾਂ ਵਪਾਰ, ਊਰਜਾ, ਪੁਲਾੜ, ਖਣਿਜ ਅਤੇ ਸੁਰੱਖਿਆ ਦੇ ਖੇਤਰ ਵਿੱਚ ਇਕੱਠੇ ਕੰਮ ਕਰਨ, ਮਨੁੱਖੀ ਭਲਾਈ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦੀਆਂ ਸੰਭਾਵਨਾਵਾਂ ਨੂੰ ਨਵੀਂ ਦਸ਼ਾ ਤੇ ਦਿਸ਼ਾ ਕਰਾਰ ਦਿੱਤਾ।

ਪ੍ਰੋ. ਸਰਚਾਂਦ ਸਿੰਘ ਨੇ ਅੱਗੇ ਕਿਹਾ ਕਿ ਕੈਨੇਡਾ ਅੱਤਵਾਦ ਦਾ ਸ਼ਿਕਾਰ ਰਿਹਾ ਹੈ, 1985 ਵਿੱਚ ਏਅਰ ਇੰਡੀਆ ਦੇ ’ਕਨਿਸ਼ਕ’ ਨੂੰ ਕੈਨੇਡਾ ਵਿੱਚ ਉਡਾ ਦਿੱਤਾ ਗਿਆ ਸੀ, ਜਿਸ ਵਿੱਚ 331 ਲੋਕ ਮਾਰੇ ਗਏ ਸਨ, ਜੋ ਕਿ 9/11 ਤੋਂ ਪਹਿਲਾਂ ਦੁਨੀਆ ਦੇ ਹਵਾਈ ਖੇਤਰ ਵਿੱਚ ਸਭ



ਤੋਂ ਭਿਆਨਕ ਅੱਤਵਾਦੀ ਹਮਲਿਆਂ ਵਿੱਚੋਂ ਇੱਕ ਸੀ। ਉਨ੍ਹਾਂ ਕਿਹਾ ਕਿ ਕੈਨੇਡਾ ਨੇ ਦੇਸ਼ ਵਿੱਚ ਅੱਤਵਾਦ ਦੇ ਖ਼ਤਰੇ ਬਾਰੇ ਆਪਣੀ 2018 ਦੀ ਰਿਪੋਰਟ ਵਿੱਚ "ਸਿੱਖ ਕੱਟੜਪੰਥੀਆਂ" ਦੇ ਵਧ ਰਹੇ ਖ਼ਤਰੇ ਦਾ ਜ਼ਿਕਰ ਕੀਤਾ ਸੀ, ਜਿਸ ਨੂੰ ਸਿੱਖ ਭਾਈਚਾਰੇ ਦੇ ਦਬਾਅ ਕਾਰਨ ਹਟਾ ਦਿੱਤਾ ਗਿਆ ਸੀ। ਕੈਨੇਡੀਅਨ ਸਰਕਾਰ ਵੱਲੋਂ ਦੇਸ਼ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਦੀ ਆਪਣੀ ਵਚਨਬੱਧਤਾ ਵਿੱਚ ਅਪਰਾਧਿਕ ਜ਼ਾਬਤੇ ਅਧੀਨ ਸੂਚੀਬੱਧ 77 ਅੱਤਵਾਦੀ ਸਮੂਹਾਂ ਵਿੱਚ 2 ਸਿੱਖ ਸੰਗਠਨ ਸ਼ਾਮਲ ਹਨ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਵਿਦੇਸ਼ੀ ਸਰਕਾਰਾਂ ਨੇ ਖਾਲਿਸਤਾਨੀ ਤੱਤਾਂ ਬਾਰੇ ਅਜਿਹੀਆਂ ਰਿਪੋਰਟਾਂ ਜਾਰੀ ਕੀਤੀਆਂ ਹਨ, ਇਸ ਤੋਂ ਪਹਿਲਾਂ ਸਾਲ 2023 ਵਿੱਚ, ਯੂਨਾਈਟਿਡ ਕਿੰਗਡਮ ਦੇ ਹਾਊਸ ਆਫ ਕਾਮਨਜ਼ ਵਿੱਚ ਅੱਤਵਾਦ ਨੂੰ ਰੋਕਣ ਲਈ ’ਪ੍ਰਿਵੈਂਟ ਸਟ?ਰੈਟਜੀ’ ਯੋਜਨਾ ’ਤੇ ਇੱਕ ਸੁਤੰਤਰ ਸਮੀਖਿਆ ਵਿੱਚ ਇਸਲਾਮੀ ਕੱਟੜਤਾ ਨੂੰ ਦੇਸ਼ ਲਈ ਇੱਕ ਵੱਡਾ ਖ਼ਤਰਾ ਦੱਸਿਆ ਗਿਆ ਸੀ ਅਤੇ ਇਸ ਦੇ ਨਾਲ ਹੀ, ਖਾਲਿਸਤਾਨੀ ਸਮੂਹਾਂ ਦੁਆਰਾ ਭਾਰਤ ਵਿਰੁੱਧ ਲਗਾਈ ਗਈ ਅੱਗ ਦੇ ਸੇਕ ਨੂੰ ਮਹਿਸੂਸ ਕਰਦੇ ਹੋਏ, ਬ੍ਰਿਟੇਨ ਨੇ ਬ੍ਰਿਟੇਨ ਵਿੱਚ ਸਿੱਖ ਭਾਈਚਾਰੇ ਨੂੰ ਖਾਲਿਸਤਾਨੀ ਪੱਖੀ ਕੱਟੜਪੰਥੀਆਂ ਤੋਂ ਸਾਵਧਾਨ ਰਹਿਣ ਲਈ ਕਿਹਾ ਸੀ। ਉਨ੍ਹਾਂ ਇਹ ਵੀ ਖ਼ੁਲਾਸਾ ਕੀਤਾ ਕਿ ਖਾਲਿਸਤਾਨੀ ਤੱਤ ਲੋਕਾਂ ਨੂੰ ਹਿੰਸਾ ਲਈ ਭੜਕਾਉਂਦੇ ਹਨ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਖਾਲਿਸਤਾਨੀ ਤੱਤ ਜੂਨ 84 ਵਿੱਚ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਹਮਲੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਵਰਗੀਆਂ ਦੁਖਦਾਈ ਘਟਨਾਵਾਂ ਨੂੰ ਹਿੰਦੂਆਂ ਅਤੇ ਸਿੱਖਾਂ ਵਿੱਚ ਨਫ਼ਰਤ ਅਤੇ ਤਣਾਅ ਭੜਕਾਉਣ ਲਈ ਵਰਤਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਉਹ ਅਸਲ ਦੋਸ਼ੀਆਂ, ਕਾਂਗਰਸ ਪਾਰਟੀ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਨੂੰ ਸਿਰਫ਼ ਭਾਰਤੀ ਰਾਜ ਦੁਆਰਾ ਹਮਲਾ ਕਹਿ ਕੇ ਛੁਪਾਉਣ ਦੀ ਅਸਫਲ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਕੁਝ ਗੁਰਦੁਆਰਿਆਂ ’ਤੇ ਖਾਲਿਸਤਾਨੀਆਂ ਦਾ ਕਬਜ਼ਾ ਹੈ,

ਜਿੱਥੇ ਸਰਬੱਤ ਦੇ ਭਲੇ ਦੀ ਅਰਦਾਸ, ਸਾਂਝੀਵਾਲਤਾ ਅਤੇ ਸਿੱਖ ਸਿਧਾਂਤਾਂ ਦੇ ਪ੍ਰਚਾਰ ਕੀਤੀ ਜਾਣੀ ਚਾਹੀਦੀ ਹੈ, ਪਰ ਕੁਝ ਲੋਕ ਖ਼ਾਲਿਸਤਾਨ ਦੇ ਨਾਮ ਦੀ ਵਰਤੋਂ ਹਿੰਦੂਆਂ ਅਤੇ ਸਿੱਖਾਂ ਵਿੱਚ ਨਫ਼ਰਤ ਫੈਲਾਉਣ ਅਤੇ ਭਾਰਤ ਵਿਰੁੱਧ ਭੜਕਾਊ ਬਿਆਨ ਅਤੇ ਭਾਸ਼ਣ ਦੇਣ ਲਈ ਕਰ ਰਹੇ ਹਨ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕੈਨੇਡਾ ਵਿੱਚ ਖ਼ਾਲਿਸਤਾਨ ਦੇ ਵੱਖਵਾਦੀ ਏਜੰਡੇ ਨੂੰ ਜਾਰੀ ਰੱਖਣ ਵਿੱਚ ਪਾਕਿਸਤਾਨ ਦੀ ਆਈਐਸਆਈ ਦੀ ਸ਼ਮੂਲੀਅਤ ਟਰੂਡੋ ਪ੍ਰਸ਼ਾਸਨ ਦੌਰਾਨ ਕਈ ਵਾਰ ਸਾਹਮਣੇ ਆਈ । ਅਖੌਤੀ ਸਿੱਖ ਫਾਰ ਜਸਟਿਸ ਦੇ ਆਗੂ ਗੁਰ ਪਤਵੰਤ ਪੰਨੂ ਸੋਸ਼ਲ ਮੀਡੀਆ ’ਤੇ ਸਿੱਖਾਂ ਨੂੰ "ਹਥਿਆਰ ਚੁੱਕਣ" ਅਤੇ "ਭਾਰਤੀ ਸਰਕਾਰ" ਨੂੰ ਸਬਕ ਸਿਖਾਉਣ ਲਈ ਉਕਸਾਉਂਦੇ ਰਹਿੰਦੇ ਹਨ। ਪੰਨੂ ਵੱਲੋਂ ਜਾਰੀ ਕੀਤੇ ਗਏ ਅਖੌਤੀ ਖ਼ਾਲਿਸਤਾਨ ਦੇ ਨਕਸ਼ੇ ਵਿੱਚ ਲਾਹੌਰ ਅਤੇ ਪਾਕਿਸਤਾਨ ਦੇ ਇਲਾਕੇ ਨੂੰ ਬਾਹਰ ਰੱਖਣਾ ਅਤੇ ਪੰਨੂ ਤੋਂ ਖਾਲਿਸਤਾਨੀਆਂ ਵੱਲੋਂ ਇਸ ਬਾਰੇ ਸਵਾਲ ਨਾ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਇਹ ਲੋਕ ਪਾਕਿਸਤਾਨ ਦੀਆਂ ਇੱਛਾਵਾਂ ਅਤੇ ਭਾਰਤ ਵਿਰੋਧੀ ਸਾਜ਼ਿਸ਼ਾਂ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਪਾਕਿਸਤਾਨ ਨੂੰ ਸਮਰਪਿਤ ਹਨ।

# ਉਸਾਰੀ ਅਧੀਨ ਸ਼੍ਰੀ ਸਰਵ ਸ਼ਿਵ ਸ਼ਕਤੀ ਮੰਦਿਰ ਦੇ ਲੈਂਟਰ ਦਾ ਚੇਅਰਮੈਨ ਸੁਭਾਸ਼ ਗੋਰੀਆ ਨੇ ਉਦਘਾਟਨ ਕਰ ਕਰਵਾਇਆ ਕੰਮ ਸ਼ੁਰੂ

## ਵਿਅਕਤੀ ਦਾ ਜੀਵਨ ਅਨਮੋਲ ਹੈ ਸਮਾਜ ਲਈ ਕੁਝ ਏਦਾਂ ਦਾ ਕੰਮ ਕਰ ਦਿਓ ਤਾਂਕਿ ਲੋਕ ਤੁਹਾਨੂੰ ਹਮੇਸ਼ਾ ਯਾਦ ਰੱਖਣ :- ਚੇਅਰਮੈਨ ਸੁਭਾਸ਼ ਗੋਰੀਆ

**ਜਲੰਧਰ/ਬਾਠ**

ਜਲੰਧਰ ਵੈਸਟ ਹਲਕੇ ਚ ਪੈਂਦੀ ਵਾਰਡ ਨੰਬਰ 51 ਦੇ ਮੁਹੱਲਾ ਨਿਊ ਗੀਤਾ ਕਲੋਨੀ ਚ ਨਵਾਂ ਬਣ ਰਿਹਾ ਸ਼?ਰੀ ਸਰਵ ਸ਼ਿਵ ਸ਼ਕਤੀ ਮੰਦਿਰ ਵਿੱਖੇ ਬੁੱਧਵਾਰ ਨੂੰ ਪਹਿਲੀ ਮੰਜ਼ਿਲ ਦਾ ਲੈਂਟਰ ਪਿਆ।ਲੈਂਟਰ ਦਾ ਉਦਘਾਟਨ ਐਂਟੀ ਕ੍ਰਾਈਮ ਸਮਾਜ ਸੁਰੱਖਿਆ ਸੈਲ ਦੇ ਚੇਅਰਮੈਨ ਸੁਭਾਸ਼ ਗੋਰੀਆ ਨੇ ਕੀਤਾ ਅਤੇ ਲੈਂਟਰ ਦਾ ਕੰਮ ਸ਼ੁਰੂ ਕਰਵਾਇਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੰਦਿਰ ਦੇ ਨਿਰਮਾਣ ਨਾਲ ਸਬੰਧਤ ਪੰਡਿਤ ਸੰਤੋਸ਼ ਝਾ ਨੇ ਜਾਣਕਾਰੀ ਦਿੰਦਿਆਂ ਹੋਈਆਂ ਕਿਹਾ ਕਿ ਮੁਹੱਲਾ ਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਨਾਲ ਸ੍ਰੀ ਸਰਵ ਸ਼ਿਵ ਸ਼ਕਤੀ ਮੰਦਿਰ ਦਾ ਸੰਗਤਾਂ ਦੀ ਭੇਟਾ ਨਾਲ ਅੱਜ ਪਹਿਲੀ ਮੰਜ਼ਿਲ ਦਾ ਲੈਂਟਰ ਪਿਆ ਹੈ। ਪੰਡਿਤ ਨੇ ਦੱਸਿਆ ਕਿ ਮੰਦਿਰ ਦਾ ਕੰਮ ਜ਼ੋਰਾਂ ਨਾਲ ਚੱਲ ਰਿਹਾ ਹੈ ਅਤੇ ਇਸ ਦੀ ਪਹਿਲੀ ਮੰਜ਼ਿਲ ਦਾ ਲੈਂਟਰ ਜੋ ਲਗਭਗ 1200 ਵਰਗ ਫੁੱਟ ਦਾ ਹੈ ਉਹ ਅੱਜ 18 ਜੂਨ ਦਿਨ ਬੁੱਧਵਾਰ ਨੂੰ ਤੜਕੇ ਸਵੇਰੇ 7 ਵਜੇ ਤੋਂ ਪੈਣਾ ਸ਼ੁਰੂ ਹੋ ਗਿਆ ਸੀ।ਉਨ੍ਹਾਂ ਨੇ ਕਿਹਾ ਕਿ ਮੰਦਿਰ ਦੇ ਲੈਂਟਰ ਮੌਕੇ ਐਂਟੀ ਕ੍ਰਾਈਮ ਸਮਾਜ ਸੁਰੱਖਿਆ ਸੈਲ ਰਜਿ ਪੰਜਾਬ ਦੇ ਚੇਅਰਮੈਨ ਸੁਭਾਸ਼ ਗੋਰੀਆ ਪਹੁੰਚੇ ਅਤੇ ਉਨ੍ਹਾਂ ਵਲੋਂ ਉਦਘਾਟਨ ਕਰ ਲੈਂਟਰ ਦਾ ਕੰਮ ਸ਼ੁਰੂ ਕਰਵਾਇਆ ਗਿਆ ਅਤੇ ਸੁਭਾਸ਼ ਗੋਰੀਆ ਵਲੋਂ ਮੰਦਿਰ ਦੇ ਲੈਂਟਰ ਚ ਸਹਿਯੋਗ ਵੀ ਪਾਇਆ ਗਿਆ।ਇਸ ਮੌਕੇ ਚੇਅਰਮੈਨ ਸੁਭਾਸ਼ ਗੋਰੀਆ ਨੇ ਦੱਸਿਆ ਕਿ ਮੰਦਿਰ ਵਿੱਚ ਲਕਸ਼ਮੀ ਨਾਰਾਇਣ, ਦੁਰਗਾ ਮਾਤਾ,ਮਹਾਕਾਲੀ,ਰਾਧਾ ਕ੍ਰਿਸ਼ਨ ਅਤੇ ਹੋਰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ ਜਾਣਗੀਆਂ ਅਤੇ ਗੋਰੀਆ ਨੇ ਸਾਰੇ ਵਾਰਡ ਵਾਸੀਆਂ ਨੂੰ ਮੰਦਿਰ ਦੇ ਨਿਰਮਾਣ ਕੰਮ ਚ ਸਹਿਯੋਗ ਦੇਣ ਦੀ ਅਪੀਲ ਕੀਤੀ।ਗੋਰੀਆ ਨੇ ਕਿਹਾ ਕਿ ਵਿਅਕਤੀ ਦਾ ਜੀਵਨ ਅਨਮੋਲ ਹੈ ਸਮਾਜ ਲਈ ਕੁਝ ਏਦਾਂ ਦਾ ਕੰਮ ਕਰ ਦਿਓ ਤਾਂਕਿ ਲੋਕ ਤੁਹਾਨੂੰ ਹਮੇਸ਼ਾ ਯਾਦ ਰੱਖਣ।ਇਸ ਮੌਕੇ ਗੋਪਾਲ ਕੁਮਾਰ,ਅੰਜੂ ਸ਼ਰਮਾ,ਅਨੂ ਸ਼ਰਮਾ,ਕਾਜਲ,ਪਿਆਰਾ ਲਾਲ ਭਗਤ,ਕਿਰਨ,ਗੁਰਵਿੰਦਰ ਕੌਰ,ਲਲਿਤਾ ਭਗਤ, ਵਿਕਾਸ ਭਗਤ ਸੋਂਨੂ,ਸ਼ਿਵ ਭਗਤ, ਸੰਨੀ ਵਿਜ,ਸੁਨੀਲ ਭੱਟੀ, ਵਿਨੈ ਅਰੋੜਾ,ਸ਼ਵੇਤਾ ਸ਼ਰਮਾ,ਰਾਹੁਲ,ਅਮਿਤ ਠਾਕੁਰ,ਅਭਿਸ਼ੇਖ ਠਾਕੁਰ, ਆਦਿ ਵੀ ਹਾਜ਼ਰ ਸਨ





## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਹੜ੍ਹਾਂ ਦੀ ਰੋਕਥਾਮ/ ਤਿਆਰੀ ਲਈ ਜ਼ਿਲ੍ਹੇ ਦੇ ਸਾਰੇ ਵਿਭਾਗਾਂ ਨਾਲ ਬੈਠਕ

**ਫਾਜ਼ਿਲਕਾ**

ਵਧੀਕ ਡਿਪਟੀ ਕਮਿਸ਼ਨਰ ਡਾ ਮਨਦੀਪ ਕੌਰ ਨੇ ਅੱਜ ਆਗਾਮੀ ਮਾਨਸੂਨ ਸੀਜਨ 2025 ਦੌਰਾਨ ਹੜਾਂ ਦੇ ਕਿਸੇ ਵੀ ਸੰਭਾਵਿਤ ਖਤਰੇ ਦੇ ਟਾਕਰੇ ਲਈ ਅਗੇਤੇ ਪ੍ਰਬੰਧਾਂ ਹਿੱਤ ਬੈਠਕ ਕੀਤੀ ਅਤੇ ਸਾਰੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣ ਉਹਨਾਂ ਨੇ ਡਰੇਨੇਜ ਵਿਭਾਗ ਨੂੰ ਹਦਾਇਤ ਕੀਤੀ ਕਿ ਜਿੱਥੇ ਕਿਤੇ ਸੇਮ ਨਾਲਿਆਂ ਦੀ ਸਫਾਈ/ਰਿਪੇਅਰ ਦਾ ਕੰਮ ਬਕਾਇਆ ਹੈ ਉਸ ਨੂੰ ਤੁਰੰਤ ਪੂਰਾ ਕੀਤਾ ਜਾਵੇ ਉਹਨਾਂ ਨੇ ਨਹਿਰੀ ਵਿਭਾਗ ਨੂੰ ਹਦਾਇਤ ਕੀਤੀ ਕਿ ਨਹਿਰਾਂ ਦੀ ਪੂਰੀ ਚੌਕਸੀ ਰੱਖੀ ਜਾਵੇ ਤਾਂ ਜੋ ਨਹਿਰਾਂ ਨੂੰ ਟੁੱਟਣ ਤੋਂ ਬਚਾਇਆ ਜਾ ਸਕੇ ਉਹਨਾਂ ਨੇ ਬਿਜਲੀ ਵਿਭਾਗ ਨੂੰ ਹਦਾਇਤ ਕੀਤੀ ਕਿ ਜੇ ਹੜ੍ਹ ਦੌਰਾਨ ਜਿਥੇ ਬਿਜਲੀ ਦੀ ਸਪਲਾਈ ਦੇਣ ਦੇ ਨੁਕਸਾਨ ਹੋਣ ਦਾ ਡਰ ਹੋਵੇ ਉੱਥੇ ਬਿਜਲੀ ਦੀ ਸਪਲਾਈ ਤਰੁੰਤ ਬੰਦ ਕਰ ਦਿੱਤੀ ਜਾਵੇ ਇਸੇ ਤਰ੍ਹਾਂ ਉਹਨਾਂ ਨੇ ਨਗਰ ਕੌਂਸਲਾਂ ਨੂੰ ਹਦਾਇਤ ਕੀਤੀ ਕਿ ਸ਼ਹਿਰਾਂ ਵਿੱਚ ਸੀਵਰੇਜ ਅਤੇ ਨਾਲੇ ਬਰਸਾਤ ਤੋਂ ਪਹਿਲਾਂ ਪਹਿਲਾਂ ਸਾਫ ਕੀਤੇ ਜਾਣੇ ਯਕੀਨੀ ਬਣਾਏ ਜਾਣ ਉਨ੍ਹਾਂ ਸਿਹਤ ਵਿਭਾਗ ਨੂੰ ਦਵਾਇਆ/ਡਾਕਟਰਾਂ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਉਨ੍ਹਾਂ ਜਲ ਸਪਲਾਈ ਵਿਭਾਗ ਤੋਂ ਹੜ੍ਹਾਂ ਦੀ ਤਿਆਰੀਆਂ ਦੌਰਾਨ ਪੀਣ ਵਾਲੇ ਪਾਣੀ ਬਾਰੇ ਜਾਣਕਾਰੀ ਹਾਸ਼ਿਤ ਕੀਤੀ ਅਤੇ ਸਾਫ ਪਾਣੀ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਗਈ ਉਨ੍ਹਾਂ ਲੋਕ ਨਿਰਮਾਣ ਵਿਭਾਗ ਅਤੇ ਮੰਡੀ ਅਫਸਰ ਨੂੰ ਹੜ੍ਹ ਦੌਰਾਨ ਪ੍ਰਭਾਵਿਤ ਹੋਣ ਵਾਲੀਆਂ ਸੜਕਾਂ ਅਤੇ ਪੁੱਲਾਂ ਦੀ ਮੁਰੰਮਤ ਦਾ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ ਉਨ੍ਹਾਂ ਪਸ਼ੂ ਪਾਲਣ ਵਿਭਾਗ ਤੋਂ ਪਸ਼ੂਆਂ ਦੀ ਸੁਰੱਖਿਆ/ਦਵਾਇਆ ਆਦਿ ਚਾਰੇ ਦਾ ਪ੍ਰਬੰਧ ਬਾਰੇ ਕੀਤੀਆਂ ਗਈਆਂ ਤਿਆਰੀਆ ਬਾਰੇ ਜਾਣਕਾਰੀ ਹਾਸ਼ਲ ਕੀਤੀ ਵਧੀਕ ਡਿਪਟੀ ਕਮਿਸ਼ਨਰ ਨੇ ਪੇਂਡੂ ਵਿਕਾਸ ਵਿਭਾਗ ਨੂੰ ਹਦਾਇਤ ਕੀਤੀ ਕਿ ਨਰੇਗਾ ਤਹਿਤ ਜੋ ਹੜ ਰੋਕੂ ਪ੍ਰਬੰਧ ਹੋ ਸਕਦੇ ਹਨ ਉਹ ਕਰ ਲਏ ਜਾਣ ਇਸੇ ਤਰ੍ਹਾਂ ਉਹਨਾਂ ਨੇ ਪੇਂਡੂ ਵਿਕਾਸ ਵਿਭਾਗ ਨੂੰ ਹਦਾਇਤ ਕੀਤੀ ਕਿ ਪਿੰਡਾਂ ਦੇ ਛੱਪੜਾਂ ਨੂੰ ਬਰਸਾਤ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਖਾਲੀ ਕਰ ਲਿਆ ਜਾਵੇ ਉਹਨਾਂ ਨੇ ਸਿੱਖਿਆ ਵਿਭਾਗ ਤੋਂ ਪਿਛਲੇ ਸਾਲ ਹੜ੍ਹ ਦੌਰਾਨ ਪ੍ਰਭਾਵਿਤ ਸਕੂਲਾਂ ਦੀਆਂ ਜਾਣਕਾਰੀ ਲਈ ਗਈ ਅਤੇ ਵਿਭਾਗ ਨੂੰ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ

# 'ਆਪ' ਦੀਆਂ ਗਲਤ ਨੀਤੀਆਂ ਨੇ ਖਡੂਰ ਸਾਹਿਬ ਦੇ ਆਧੁਨਿਕ ਸਪੋਰਟਸ ਕੰਪਲੈਕਸ ਦੇ ਸੁਪਨੇ ਨੂੰ ਤੋੜਿਆ - ਬ੍ਰਹਮਪੁਰਾ

**ਤਰਨ ਤਾਰਨ**

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਪੰਜਾਬ ਰੂਰਲ ਡਿਵੈਲਪਮੈਂਟ ਸੁਸਾਇਟੀ ਦੇ ਚੇਅਰਮੈਨ ਅਤੇ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਚੋਹਲਾ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 'ਆਪ' ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ। ਉਨ੍ਹਾਂ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਦੀਆਂ ਗਲਤ ਨੀਤੀਆਂ, ਅਣਗਹਿਲੀ ਅਤੇ ਦੂਰਅੰਦੇਸ਼ੀ ਦੀ ਘਾਟ ਕਾਰਨ ਪੰਜਾਬ ਦਾ ਹਰ ਖੇਤਰ ਬਰਬਾਦੀ ਵੱਲ ਵਧ ਰਿਹਾ ਹੈ। ਉਦਯੋਗ ਤਬਾਹੀ ਦੇ ਕੰਢੇ 'ਤੇ ਹੈ, ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ, ਅਤੇ ਅਕਾਲੀ ਸਰਕਾਰ ਵੇਲੇ ਸ਼ੁਰੂ ਹੋਏ ਵਿਕਾਸ ਪ੍ਰੋਜੈਕਟ ਠੱਪ ਪਏ ਹਨ। ਸ੍ਰ. ਬ੍ਰਹਮਪੁਰਾ ਨੇ ਉਦਯੋਗਾਂ 'ਤੇ ਪਾਏ ਗਏ ਨਵੇਂ ਬੋਝ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ, ÷ਜਿਸ ਸਮੇਂ ਪੰਜਾਬ ਦਾ ਉਦਯੋਗ ਪਹਿਲਾਂ ਹੀ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਹੈ, ਉਸ ਵੇਲੇ 'ਆਪ' ਸਰਕਾਰ ਨੇ 15 ਜੂਨ ਤੋਂ ਸ਼ਾਮ 6 ਵਜੇ ਤੋਂ 10 ਵਜੇ ਦੇ ਪੀਕ ਘੰਟਿਆਂ ਦੌਰਾਨ ?2 ਪ੍ਰਤੀ ਯੂਨਿਟ ਦਾ ਵਾਧੂ ਸਰਚਾਰਜ ਲਗਾ ਕੇ ਉਦਯੋਗਪਤੀਆਂ ਦਾ ਲੱਕ ਤੋੜ ਦਿੱਤਾ ਹੈ। ਇਹ ਉਦਯੋਗ ਨਾਲ ਸਰਾਸਰ ਧੱਕਾ ਹੈ। ਇਸ ਨਾਲ ਉਦਯੋਗਾਂ ਨੂੰ ਬਿਜਲੀ ਲਗਭਗ ?10 ਪ੍ਰਤੀ ਯੂਨਿਟ ਪਵੇਗੀ, ਜਦੋਂ ਕਿ ਉਨ੍ਹਾਂ ਦੀ ਮੌਜੂਦਾ ਲਾਗਤ ਪਹਿਲਾਂ ਹੀ ?8.16 ਪ੍ਰਤੀ ਯੂਨਿਟ ਹੈ।



ਉਨ੍ਹਾਂ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ 24 ਘੰਟੇ ਚੱਲਣ ਵਾਲੇ ਸਟੀਲ ਰੋਲਿੰਗ ਮਿੱਲਾਂ ਅਤੇ ਫਰਨੈਸਾਂ ਵਰਗੇ ਉਦਯੋਗਾਂ 'ਤੇ ਇਸ ਦਾ ਸਭ ਤੋਂ ਮਾਰੂ ਅਸਰ ਪਵੇਗਾ, ਕਿਉਂਕਿ ਬਿਜਲੀ ਉਨ੍ਹਾਂ ਲਈ ਮੁੱਖ ਕੱਚਾ ਮਾਲ ਹੈ। ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ 'ਆਪ' ਸਰਕਾਰ ਰਾਹਤ ਦੇਣ ਦੀ ਬਜਾਏ ਉਦਯੋਗਾਂ ਦਾ ਗਲਾ ਘੁੱਟ ਰਹੀ ਹੈ, ਜਿਸ ਨਾਲ ਪੰਜਾਬ ਤੋਂ ਉਦਯੋਗਾਂ ਦੀ ਲਾਗਤ ਖਰਚ ਹੋਰ ਤੇਜ਼ੀ ਨਾਲ ਵਧੇਗੀ।

'ਆਪ' ਸਰਕਾਰ ਦੇ ਰੋਜ਼ਗਾਰ ਦੇ ਦਾਅਵਿਆਂ ਨੂੰ ਖੋਖਲਾ ਦੱਸਦਿਆਂ ਸ੍ਰ. ਬ੍ਰਹਮਪੁਰਾ ਨੇ ਫਾਜ਼ਿਲਕਾ ਦੇ ਰਾਸ਼ਟਰੀ ਪੱਧਰ ਦੇ ਅਥਲੀਟ ਦੀਪਕ ਕੁਮਾਰ ਦੀ ਦਰਦਨਾਕ ਕਹਾਣੀ ਬਿਆਨ ਕੀਤੀ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ, ÷ਇਸ ਤੋਂ ਵੱਡੀ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ ਕਿ ਜਿਸ ਨੌਜਵਾਨ ਨੇ ਨਾਗਾਲੈਂਡ ਵਿੱਚ 6,000 ਮੀਟਰ ਅਤੇ 8 ਕਿਲੋਮੀਟਰ ਕਰਾਸ-ਕੰਟਰੀ ਦੌੜਾਂ ਵਿੱਚ ਚਾਂਦੀ ਦੇ ਤਗਮੇ ਜਿੱਤੇ, 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ 5 ਖੇਡ ਰਤਨ ਹਾਸਲ ਕੀਤੇ, ਉਹ ਅੱਜ 'ਆਪ' ਸਰਕਾਰ ਦੀ ਬੇਰੁਖ਼ੀ ਕਾਰਨ ਆਪਣੇ ਮੈਡਲਾਂ ਨੂੰ ਰੇਹੜੀ 'ਤੇ ਟੰਗ ਕੇ ਜੂਸ ਵੇਚਣ ਲਈ ਮਜਬੂਰ ਹੈ। ਇਹ 'ਆਪ' ਸਰਕਾਰ ਦੇ ਝੂਠੇ ਵਾਅਦਿਆਂ ਅਤੇ ਨੌਜਵਾਨ ਵਿਰੋਧੀ ਸੋਚ ਦਾ ਜਿਉਂਦਾ-ਜਾਗਦਾ ਸਬੂਤ ਹੈ।

ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੀ ਗੱਲ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ ਅਕਾਲੀ ਸਰਕਾਰ ਵੇਲੇ ਸ਼ੁਰੂ ਕੀਤੇ ਗਏ ਅਹਿਮ ਪ੍ਰੋਜੈਕਟ 'ਆਪ' ਸਰਕਾਰ ਦੀ ਬਦਨੀਤੀ ਅਤੇ ਸਿਆਸੀ ਵਿਤਕਰੇਬਾਜ਼ੀ ਦੀ ਭੇਟ ਚੜ੍ਹ ਗਏ ਹਨ। ਉਨ੍ਹਾਂ ਕਿਹਾ, ÷ਸਾਡਾ ਸੁਪਨਾ ਸੀ ਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਇੱਕ ਅਤਿ-ਆਧੁਨਿਕ ਸਪੋਰਟਸ ਕੰਪਲੈਕਸ ਜਾਂ ਸਟੇਡੀਅਮ ਬਣਾਇਆ ਜਾਵੇ ਤਾਂ ਜੋ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਖੇਡ ਪ੍ਰਤਿਭਾਵਾਂ ਨੂੰ ਨਿਖਾਰਿਆ ਜਾ ਸਕੇ।

ਇਸ ਵਿੱਚ ਫੁੱਟਬਾਲ ਮੈਦਾਨ, ਅਥਲੈਟਿਕ ਟ?ਰੈਕ, ਇਨਡੋਰ ਖੇਡਾਂ ਲਈ ਸਹੂਲਤਾਂ ਆਦਿ ਸ਼ਾਮਲ ਹੋਣੀਆਂ ਸਨ ਪਰ 'ਆਪ' ਸਰਕਾਰ ਨੇ ਫੰਡਾਂ ਦੀ ਘਾਟ ਦਾ ਝੂਠਾ ਬਹਾਨਾ ਬਣਾ ਕੇ ਇਸ ਪ੍ਰੋਜੈਕਟ ਨੂੰ ਅੱਧ ਵਿਚਾਲੇ ਰੋਕ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿਰਫ਼ ਸਟੇਡੀਅਮ ਹੀ ਨਹੀਂ, ਬਲਕਿ ਸੜਕੀ ਢਾਂਚੇ, ਪੇਂਡੂ ਵਿਕਾਸ ਅਤੇ ਵਿਦਿਅਕ ਅਦਾਰਿਆਂ ਦੇ ਨਵੀਨੀਕਰਨ ਵਰਗੇ ਦਰਜਨਾਂ ਪ੍ਰੋਜੈਕਟ ਠੱਪ ਪਏ ਹਨ, ਜਿਸ ਕਾਰਨ ਆਮ ਲੋਕ ਬੁਨਿਆਦੀ ਸਹੂਲਤਾਂ ਲਈ ਤਰਸ ਰਹੇ ਹਨ। ਸ੍ਰ. ਬ੍ਰਹਮਪੁਰਾ ਨੇ 'ਆਪ' ਸਰਕਾਰ ਨੂੰ ਚੈਲੇਂਜ ਕਰਦਿਆਂ ਕਿਹਾ ਕਿ ਉਹ ਝੂਠੇ ਪ੍ਰਚਾਰ ਅਤੇ ਇਸ਼ਤਿਹਾਰਾਂ 'ਤੇ ਪੈਸਾ ਬਰਬਾਦ ਕਰਨ ਦੀ ਬਜਾਏ, ਜ਼ਮੀਨੀ ਪੱਧਰ 'ਤੇ ਕੰਮ ਕਰਕੇ ਦਿਖਾਵੇ। ਉਨ੍ਹਾਂ ਮੰਗ ਕੀਤੀ ਕਿ ਰੋਕੇ ਗਏ ਸਾਰੇ ਵਿਕਾਸ ਪ੍ਰੋਜੈਕਟਾਂ ਨੂੰ ਤੁਰੰਤ ਮੁਕੰਮਲ ਕੀਤਾ ਜਾਵੇ, ਉਦਯੋਗਾਂ ਨੂੰ ਰਾਹਤ ਦਿੱਤੀ ਜਾਵੇ ਅਤੇ ਯੋਗ ਨੌਜਵਾਨਾਂ ਨੂੰ ਤੁਰੰਤ ਨੌਕਰੀਆਂ ਦਿੱਤੀਆਂ ਜਾਣ। ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਅਮਰੀਕ ਸਿੰਘ, ਸਤਨਾਮ ਸਿੰਘ ਕਰਮੂੰਵਾਲਾ, ਜਗਰੂਪ ਸਿੰਘ ਪੱਖੋਪੁਰਾ, ਗੁਰਮੀਤ ਸਿੰਘ ਸੈਕਟਰੀ, ਬਾਵਾ ਸਿੰਘ ਸਰਪੰਚ ਰੱਤੋਕੇ, ਡਾ. ਜਤਿੰਦਰ ਸਿੰਘ, ਮਨਜਿੰਦਰ ਸਿੰਘ ਲਾਟੀ, ਕੁਰਿੰਦਰ ਸਿੰਘ ਨਿੱਕਾ ਚੋਹਲਾ, ਸਿਮਰਨਜੀਤ ਸਿੰਘ ਕਾਕੂ, ਸੂਬੇਦਾਰ ਹਰਬੰਸ ਸਿੰਘ, ਸੂਬੇਦਾਰ ਸੁਰਜੀਤ ਸਿੰਘ, ਬਾਬਾ ਬਲਵੀਰ ਸਿੰਘ ਲੈਣਾ ਅਤੇ ਗੁਰਦੇਵ ਸਿੰਘ ਚੋਹਲਾ ਸਾਹਿਬ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

# ਸੀਨੀਅਰ ਸਿਟੀਜਨ ਫੋਰਮ ਫਿਰੋਜ਼ਪੁਰ ਵਲੋਂ ਫ਼ਿਰੋਜ਼ਪੁਰ ਤੋਂ ਹਰਦੁਆਰ ਦੀ ਰੇਲ ਗੱਡੀ ਦਾ ਸਵਾਗਤ

**ਫਿਰੋਜ਼ਪੁਰ**

ਸੀਨੀਅਰ ਸਿਟੀਜਨ ਫੋਰਮ ਫਿਰੋਜ਼ਪੁਰ ਵਲੋਂ ਫ਼ਿਰੋਜ਼ਪੁਰ ਛਾਉਣੀ ਸਟੇਸ਼ਨ ਤੋਂ ਹਰਦੁਆਰ ਜਾਣ ਵਾਲੀ ਰੇਲ ਗੱਡੀ ਚਲਾਉਣ ਸਮੇਂ ਪ੍ਰਧਾਨ ਸ਼?ਰੀ ਪਰਦੀਪ ਧਵਨ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਹਰਿਦੁਆਰ ਜਾਣ ਵਾਲੀ ਰੇਲ ਗੱਡੀ ਦੀਆਂ ਸਵਾਰੀਆਂ, ਗੱਡੀ ਚਲਾਉਣ ਵਾਲੇ ਡਰਾਈਵਰ, ਗਾਰਡ, ਪੁਲਿਸ ਅਤੇ ਰੇਲਵੇ ਅਧਿਕਾਰੀਆਂ ਦਾ ਸਵਾਗਤ ਕੀਤਾ ਅਤੇ ਖੁਸ਼ੀ ਵਿੱਚ ਲੱਡੂ ਵੰਡੇ। ਇਸ ਸਮੇਂ ਪਰਦੀਪ ਧਵਨ ਪ੍ਰਧਾਨ, ਦੇਸ਼ ਬੰਧੂ ਤੁਲੀ ਪੈਟਰਨ ਮੁਹਿੰਦਰ ਸਿੰਘ ਧਾਲੀਵਾਲ, ਸਤੀਸ਼, ਬਲਦੇਵ ਸਚਦੇਵਾ, ਰਾਕੇਸ਼ ਸ਼ਰਮਾ, ਸੁਰਿੰਦਰ ਬੇਰੀ, ਪਰਵੀਨ ਤਲਵਾੜ, ਮੰਗਤ ਰਾਮ, ਕੁਲਭੂਸ਼ਨ ਗੌਤਮ, ਸਤੀਸ਼ ਪੁਰੀ ਸੀਨੀਅਰ ਮੀਤ ਪ੍ਰਧਾਨ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਫ਼ਿਰੋਜ਼ਪੁਰ ਤੋਂ ਹਰਿਦੁਆਰ ਅਤੇ ਸ਼?ਰੀ ਹਜ਼ੂਰ ਸਾਹਿਬ ਲਈ ਸ਼ੁਰੂ ਕੀਤੀਆਂ ਰੇਲ ਗੱਡੀਆਂ ਨਾਲ ਫਿਰੋਜ਼ਪੁਰ ਅਤੇ ਆਸ-ਪਾਸ ਦੇ ਜ਼ਿਲਿ?ਹਆਂ ਦੇ ਵਸਨੀਕਾਂ ਨੂੰ ਬਹੁਤ ਸਹੂਲਤ ਹੋਵੇਗੀ।



# ਨਗਰ ਨਿਗਮ ਘਾਲਾ ਮਾਲਾ ਚੌਂਕ ਨੂੰ ਸਾਫ ਸੁਥਰਾ ਰੱਖਦਿਆਂ ਸਾਈਨ ਬੋਰਡ ਲਗਾਵਾਏ- ਕਰਮਜੀਤ ਸਿੰਘ ਕੇ ਪੀ

**ਅੰਮ੍ਰਿਤਸਰ**

ਨਗਰ ਨਿਗਮ ਅੰਮ੍ਰਿਤਸਰ ਵੱਲੋਂ ਸ਼ਹਿਰ ਵਿੱਚ ਕਰੋੜਾਂ ਦੇ ਵਿਕਾਸ ਕੰਮ ਕਰਵਾਉਣ ਲਈ ਦਾਅਵੇ ਕੀਤੇ ਜਾ ਰਹੇ ਹਨ ਪਰ ਬੇਨਤੀ ਪੱਤਰ ਦੇਣ ਦੇ ਬਾਵਜੂਦ ਦੋ ਸਾਲ ਬਾਅਦ ਵੀ ਰਾਮ ਸਿੰਘ ਘਾਲਾ ਮਾਲਾ ਚੌਂਕ ਵਿੱਚ ਸਾਈਨ ਬੋਰਡ ਨਹੀਂ ਲੱਗੇ। ਪ੍ਰੈਸ ਨੂੰ ਜਾਣਕਾਰੀ ਦਿੰਦਿਆ ਕਰਮਜੀਤ ਸਿੰਘ ਕੇ ਪੀ ਪ੍ਰਧਾਨ ਦੇਸ਼ ਭਗਤ ਰਾਮ ਸਿੰਘ ਘਾਲਾ ਮਾਲਾ ਯਾਦਗਾਰ ਕਮੇਟੀ ਅਤੇ ਜਨਰਲ ਸਕੱਤਰ ਪੰਜਾਬ ਫਰੀਡਮ ਫਾਈਟਰ ਉਤਰਾਧਿਕਾਰੀ ਸੰਗਠਨ ਨੇ ਕਿਹਾ 25 ਅਗਸਤ 2023 ਨੂੰ ਯਾਦਗਾਰ ਕਮੇਟੀ ਵੱਲੋਂ ਲਿਖਤੀ ਪੱਤਰ ਦੇ ਕੇ ਸਾਈਨ ਬੋਰਡ ਲਗਾਉਣ ਲਈ ਮੰਗ ਕੀਤੀ ਗਈ। ਫਿਰ ਕਮਿਸ਼ਨਰ ਡਾਇਰੀ ਨੰ. 3583 ਮਿਤੀ 25 ਜੁਲਾਈ 2024 ਨੂੰ ਸਾਈਨ ਬੋਰਡ ਲਗਾਉਣ ਲਈ ਰਿਮਾਂਈਡਰ ਦਿੱਤਾ ਗਿਆ। ਪਰ ਅੱਜ ਤੱਕ ਕੋਈ ਕਾਰਵਾਈ ਅਮਲ ਵਿੱਚ ਨਹੀਂ ਆਈ। ਇਸ ਇੰਕਲਾਬੀ ਕਹਾਉਣ ਵਾਲੀ ਆਮ ਆਦਮੀ ਪਾਰਟੀ ਤੇ ਅਫਸਰਸ਼ਾਹੀ ਭਾਰੂ ਹੈ।





ਦੇਸ਼ ਭਗਤ ਰਾਮ ਸਿੰਘ ਘਾਲਾ ਮਾਲਾ ਨੇ ਦੇਸ਼ ਦੀ ਅਜ਼ਾਦੀ ਲਈ ਸਾਢੇ ਅੱਠ ਸਾਲ ਕੈਦ ਕੱਟੀ ਸੀ। ਉਨ੍ਹਾਂ ਦੀ ਮਜੀਠਾ ਰੋਡ ਵਿਖੇ ਦੇਸ਼ ਭਗਤ ਰਾਮ ਸਿੰਘ ਘਾਲਾ ਮਾਲਾ ਜੀ ਦੀ ਬਣੀ ਯਾਦਗਾਰ ਦਾ ਹਾਲ ਬਦ ਤੋਂ ਬਦਤਰ ਹੋਇਆ ਪਿਆ ਹੈ।ਸਾਫ ਸਫਾਈ ਨਾ ਹੋਣ ਕਾਰਨ ਲੋਕਾਂ ਅਤੇ ਦੁਕਾਨਦਾਰਾਂ ਨੂੰ ਪ੍ਰੇਸ਼ਾਨੀ ਦਾ ਸਾਮਹਣਾ ਕਰਨਾ ਪੈ ਰਿਹਾ ਹੈ।ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਨੂੰ ਯਾਦਗਾਰ ਕਮੇਟੀ ਬੇਨਤੀ ਕਰਦੀ ਹੈ ਕਿ ਇਸ ਜਗ?ਹਾ ਨੂੰ ਸਾਫ ਸੁੱਥਰਾ ਰੱਖਿਆ ਜਾਵੇ ਅਤੇ ਜਲਦੀ ਤੋਂ ਜਲਦੀ ਦੇਸ਼ ਭਗਤ ਰਾਮ ਸਿੰਘ ਘਾਲਾ ਮਾਲਾ ਚੌਂਕ ਦੇ ਸਾਈਨ ਬੋਰਡ ਲਗਵਾਏ ਜਾਣ।

# ਨਿਗਮ ਵਲੋਂ ਲਗਾਏ ਕੈਂਪਾ ਦਾ ਸ਼ਹਿਰ ਵਾਸੀ ਲਾਭ ਉਠਾਉਣ - ਵਧੀਕ ਕਮਿਸ਼ਨਰ

**ਅੰਮ੍ਰਿਤਸਰ**

ਨਗਰ ਨਿਗਮ, ਅੰਮ੍ਰਿਤਸਰ ਵਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਮਿਤੀ 20 ਜੂਨ 2025 ਤੋ 30 ਜੂਨ 2025 ਤੱਕ ਪਛੱਮੀ , ਦਖਣੀ , ਉਤਰੀ ਅਤੇ ਪੂਰਬੀ ਹਲਕਿਆਂ ਵਿੱਚ ਅਣ ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨਾ ਨੂੰ ਰੇਗੂਲਰ ਕਰਵਾਉਣ ਅਤੇ ਬਿਨਾ ਵਿਆਜ ਜੁਰਮਾਨੇ ਦੇ ਪਿਛਲੇ ਸਾਲਾਂ ਦਾ ਪ੍ਰਾਪਰਟੀ ਟੈਕਸ ਭਰਨ ਲਈ ਕੈਂਪਾ ਦਾ ਆਯੋਜਨ ਕੀਤਾ ਜਾ ਰਿਹਾ ਹੈ । ਇਸ ਸਬੰਧ ਵਿੱਚ ਅੱਜ ਮਿਤੀ 19 ਜੂਨ 2025 ਨੂੰ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵਲੋਂ ਪਾਣੀ,ਸੀਵਰੇਜ ਅਤੇ ਪ੍ਰਾਪਰਟੀ ਟੈਕਸ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ । ਇਸ ਮੀਟਿੰਗ ਵਿੱਚ ਵਧੀਕ ਕਮਿਸ਼ਨਰ ਵਲੋਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਇਨਾਂ ਕੈਂਪਾ ਨੂੰ ਲਗਾਉਣ ਤੋ ਪਹਿਲਾ ਸਬੰਧਤ ਇਲਾਕੇ ਵਿੱਚ ਸ਼ਹਿਰਵਾਸੀਆਂ ਦੀ ਜਾਣਕਾਰੀ ਲਈ ਬਕਾਇਦਾ ਅਨਾਊਂਸਮੈਂਟ ਕਰਵਾਈ ਜਾਵੇ, ਹੋਰਡਿੰਗ ਵੀ ਲਗਾਏ ਜਾਣ ਅਤੇ ਇਲਾਕਾ ਕੌਸਲਰ ਸਹਿਬਾਨ ਦੇ ਨਾਲ ਤਾਲਮੇਲ ਕਰਕੇ ਵੱਧ ਤੋ ਵੱਧ ਲੋਕਾਂ ਨੂੰ ਇਨਾ ਕੈਂਪਾ ਦਾ ਲਾਭ ਉਠਾਉਣ ਲਈ ਜਾਗਰੂਕ ਕੀਤਾ ਜਾਵੇ ਅਜ ਦੀ ਇਸ ਮੀਟਿੰਗ ਵਿੱਚ ਕਾਰਜਕਾਰੀ ਇੰਜੀਨਿਅਰ ਭਲਿੰਦਰ ਸਿੰਘ , ਗੁਰਜਿੰਦਰ ਸਿੰਘ, ਮਨਜੀਤ ਸਿੰਘ , ਸਵਰਾਜਇੰਦਰ ਪਾਲ ਸਿੰਘ , ਸਹਾਇਕ ਕਮਿਸ਼ਨਰ ਰਾਜਿਦੰਰ ਸ਼ਰਮਾ, ਅਸਟੇਟ ਅਫਸਰ ਧਰਮਿੰਦਰਜੀਤ ਸਿੰਘ , ਸੁਪਰਡੰਟ ਸਤਨਾਮ ਸਿੰਘ , ਪ੍ਰਾਪਰਟੀ ਇੰਸਪੈਕਟਰ ਸਿਵ ਪ੍ਰਸ਼ਾਦ ਅਤੇ ਤਰਸੇਮ ਸਿੰਘ ਸਹੋਤਾ ਆਦਿ ਸਨ ।



ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦਸਿਆ ਕਿ ਨਗਰ ਨਿਗਮ, ਅੰਮ੍ਰਿਤਸਰ ਵਲੋ ਅੰਮ੍ਰਿਤਸਰ ਸ਼ਹਿਰ ਵਿੱਚ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਜਾਇਕਾ , ਅਮਰੂਤ ਅਤੇ ਸਾਉਥ ਈਸਟ ਪ੍ਰਾਜੈਕਟਾ ਅਧੀਨ ਪਾਣੀ / ਸੀਵਰੇਜ ਦੇ ਕਨੈਕਸ਼ਨਾ ਦੇ ਲਈ ਨਵੀਆਂ ਲਾਈਨਾ ਵਿਛਾਈਆਂ ਗਈਆਂ ਸਨ ਅਤੇ ਲੋਕਾ ਵਲੋਂ ਨਗਰ ਨਿਗਮ, ਦੀ ਪ੍ਰਵਾਨਗੀ ਤੋ ਬਿਨਾ ਤਕਰੀਬਨ ਇੱਕ ਲੱਖ ਕਨੈਕਸ਼ਨ ਲਏ ਗਏ ਸਨ ਪਰ ਅਜੇ ਤਕ ਇਨਾਂ ਨੂੰ ਰੈਗੁਲਰ ਨਹੀ ਕਰਵਾਇਆ ਗਿਆ ਹੈ ਜਿਸ ਕਰਕੇ ਨਗਰ ਨਿਗਮ, ਅੰਮ੍ਰਿਤਸਰ ਨੂੰ ਵਿਤੀ ਨੁਕਸਾਨ ਹੋ ਰਿਹਾ ਹੈ । ਉਹਨਾਂ ਕਿਹਾ ਕਿ ਇਨਾਂ ਕਨੈਕਸ਼ਨਾ ਨੂੰ ਰੈਗੁਲਰ ਕਰਵਾਉਣ ਲਈ ਨਗਰ ਨਿਗਮ ਵਲੋਂ ਪਛੱਮੀ , ਦਖਣੀ , ਉਤਰੀ ਅਤੇ ਪੂਰਬੀ ਹਲਕਿਆਂ ਵਿੱਚ ਹੇਠ ਲਿਖੇ ਅਨੁਸਾਰ ਕਾਰਜਕਾਰੀ ਇੰਜੀਨਿਅਰਜ ਦੀ ਦੇਖ-ਰੇਖ ਵਿੱਚ ਕਰਮਚਾਰੀਆਂ ਦੇ ਕੈਂਪ ਹਲਕਾ ਪਛਮੀ ਵਿਖੇ 20 ਜੂਨ 2025 (ਸ਼ੁਕਰਵਾਰ) ਨੂੰ ਆਰ.ਬੀ. ਅਸਟੇਟ ਲੋਹਾਰਕਾ ਰੋਡ; ਹਲਕਾ ਦੱਖਣੀ ਵਿਖੇ 23 ਜੂਨ 2025 (ਸੋਮਵਾਰ) ਨੂੰ ਸਕੂਲ ਆਫ ਐਮੀਨੇਂਸ (ਲੜਕੀਆਂ ) ਸਾਹਮਣੇ ਗੁਰੂਦੁਆਰਾ ਅਟਾਰੀ ਸਾਹਿਬ ਸੁਲਤਾਨਵਿੰਡ ਪਿੰਡ; ਹਲਕਾ ਉਤੱਰੀ ਵਿਖੇ 24 ਜੂਨ 2025 (ਮੰਗਲਵਾਰ) ਨੂੰ ਗਰੀਨ ਲੈਂਡ ਸਾਹਮਣੇ ਐਸਕੋਰਟ ਹਸਪਤਾਲ ਨੇੜੇ ਗੁਰੂਦੁਆਰਾ; ਹਲਕਾ ਪੂਰਬੀ ਵਿਖੇ 25 ਜੂਨ 2025 (ਬੁਧਵਾਰ) ਨੂੰ ਗੁਰੂਦੁਆਰਾ ਗੁਰੂ ਤੇਗ ਬਹਾਦਰ ਜੀ ਰਾਜੇਸ਼ ਨਗਰ; ਹਲਕਾ ਪੱਛਮੀ ਵਿਖੇ 26 ਜੂਨ 2025.(ਵੀਰਵਾਰ) ਨੂੰ ਆਰ.ਬੀ. ਅਸਟੇਟ ਲੋਹਾਰਕਾ ਰੋਡ; ਹਲਕਾ ਦੱਖਣੀ ਵਿਖੇ 27 ਜੂਨ 2025 (ਸ਼ੁਕਰਵਾਰ) ਨੂੰ ਕੋਟ ਮਿਤ ਸਿੰਘ ਸਾਹਮਣੇ ਆਨੰਦ ਬੇਕਰੀ ਤਰਨਤਾਰਨ ਰੋਡ ਅਤੇ ਹਲਕਾ ਉੱਤਰੀ ਵਿਖੇ 30 ਜੂਨ 2025 (ਸੋਮਵਾਰ) ਨੂੰ ਲਕਸ਼ਮੀ ਵਿਹਾਰ ਕਾਲੀ ਮਾਤਾ ਮੰਦਰ ਵਿਖੇ ਲਗਾਏ ਜਾ ਰਹੇ ਹਨ।

ਵਧੀਕ ਕਮਿਸ਼ਨਰ ਨੇ ਇਹ ਵੀ ਦਸਿਆ ਕਿ ਪੰਜਾਬ ਸਰਕਾਰ ਵਲੋਂ ਆਮ ਲੋਕਾਂ ਦੀ ਸਹੂਲਤ ਲਈ ਪਿਛਲੇ ਸਾਲਾਂ ਦਾ ਪ੍ਰੋਪਰਟੀ ਟੈਕਸ ਵਸੂਲ ਕਰਨ ਲਈ ਵਨ ਟਾਇਮ ਸੈਟਲਮੈਂਟ ਸਕੀਮ ਲਾਗੂ ਕੀਤੀ ਗਈ ਹੈ ਜਿਸ ਅਧੀਨ ਲੋਕ ਮਿਤੀ 31 ਜੁਲਾਈ 2025 ਤੱਕ ਬਿਨਾ ਵਿਆਜ ਅਤੇ ਜੁਰਮਾਨੇ ਦੇ ਟੈਕਸ ਦੀ ਅਦਾਇਗੀ ਕਰ ਸਕਦੇ ਹਨ ਉਹਨਾ ਕਿਹਾ ਕਿ ਨਿਗਮ ਵਲੋਂ ਲਗਾਏ ਜਾ ਰਹੇ ਇਹਨਾਂ ਕੈਂਪਾ ਵਿੱਚ ਪ੍ਰਾਪਰਟੀ ਟੈਕਸ ਵਿਭਾਗ ਦੇ ਕਰਮਚਾਰੀ ਵੀ ਸ਼ਾਮਲ ਹੋਣਗੇ । ਉਹਨਾ ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਕੀ ਨਗਰ ਨਿਗਮ ਵਲੋ ਲਗਾਏ ਜਾ ਰਹੇ ਇਹਨਾ ਕੈਂਪਾ ਦਾ ਭਰਪੂਰ ਲਾਭ ਉਠਾਉਣ ਅਤੇ ਅਣ ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨਾ ਨੂੰ ਰੇਗੁਲਰ ਕਰਵਾਉਣ ਅਤੇ ਬਿਨਾ ਵਿਆਜ ਜੁਰਮਾਨੇ ਦੇ ਪਿਛਲੇ ਸਾਲਾਂ ਦਾ ਪ੍ਰਾਪਰਟੀ ਟੈਕਸ ਭਰਨ । ਕਿਉਂ ਜੋ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਉਣ ਵਾਲੇ ਸਮੇਂ ਵਿੱਚ ਨਗਰ ਨਿਗਮ ਵਲੋਂ ਕਾਨੂੰਨੀ ਕਾਰਵਾਈ ਦੇ ਨਾਲ ਨਾਲ ਪਾਣੀ ਅਤੇ ਸੀਵਰੇਜ ਦੇ ਕਨੇਕਸ਼ਨ ਵੀ ਕਟੇ ਜਾਣਗੇ।

## ਡਿਪਟੀ ਕਮਿਸ਼ਨਰ ਵੱਲੋਂ ਅਰਨੀਵਾਲਾ ਸਬ ਤਹਿਸੀਲ ਦਾ ਅਚਾਨਕ ਦੌਰਾ

*ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ, ਅਧਿਕਾਰੀਆਂ ਨੂੰ ਨਾਗਰਿਕ ਸੇਵਾਵਾਂ ਤੇਜੀ ਨਾਲ ਮੁਹਈਆ ਕਰਵਾਉਣ ਦੇ ਦਿੱਤੇ ਨਿਰਦੇਸ਼*

**ਮੰਡੀ ਅਰਨੀਵਾਲਾ /ਫਾਜ਼ਿਲਕਾ**

ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਨੇ ਅੱਜ ਅਚਾਨਕ ਮੰਡੀ ਅਰਨੀਵਾਲਾ ਵਿਖੇ ਸਬ ਤਹਿਸੀਲ ਦਫਤਰ ਦਾ ਦੌਰਾ ਕੀਤਾ ਇਸ ਮੌਕੇ ਉਨਾਂ ਨੇ ਇੱਥੇ ਵੱਖ-ਵੱਖ ਸਰਕਾਰੀ ਕੰਮਾਂ ਲਈ ਆਏ ਲੋਕਾਂ ਨਾਲ ਗੱਲਬਾਤ ਕਰਕੇ ਉਹਨਾਂ ਦੀਆਂ ਮੁਸ਼ਕਿਲਾਂ ਸੁਣੀਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕਾਂ ਨੂੰ ਨਾਗਰਿਕ ਸੇਵਾਵਾਂ ਲੈਣ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਇਸ ਮੌਕੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਕਿ ਸਰਕਾਰੀ ਦਫਤਰਾਂ ਵਿੱਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਕੋਈ ਦਿੱਕਤ ਨਾ ਆਵੇ ਉਹਨਾਂ ਨੇ ਨਾਇਬ ਤਹਿਸੀਲਦਾਰ ਅਰਨੀਵਾਲਾ ਨੂੰ ਹਦਾਇਤ ਕੀਤੀ ਕਿ ਰਜਿਸਟਰੀਆਂ ਸਮੇਤ ਮਾਲ ਵਿਭਾਗ ਨਾਲ ਸੰਬੰਧਿਤ ਹੋਰ ਸੇਵਾਵਾਂ ਲੈਣ ਵਿੱਚ ਕਿਸੇ ਵੀ ਨਾਗਰਿਕ ਨੂੰ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ ਇਸੇ ਤਰ੍ਹਾਂ ਉਹਨਾਂ ਨੇ ਕਿਹਾ ਕਿ ਫਰਦ ਕੇਂਦਰ ਅਤੇ ਸੇਵਾ ਕੇਂਦਰ ਤੋਂ ਵੀ ਨਾਗਰਿਕ ਸੇਵਾਵਾਂ ਲੈਣ ਵਿੱਚ ਕਿਸੇ ਵਿਅਕਤੀ ਨੂੰ ਮੁਸਕਿਲ ਪੇਸ਼ ਨਾ ਆਵੇ, ਇਸ ਲਈ ਸਾਰੇ ਵਿਭਾਗ ਲੋਕ ਪੱਖੀ ਪਹੁੰਚ ਅਪਣਾਉਂਦੇ ਹੋਏ ਆਪਣੀ ਡਿਊਟੀ ਨਿਭਾਉਣ ਉਹਨਾਂ ਨੇ ਕਿਹਾ ਕਿ ਜੇਕਰ ਕਿਸੇ ਦਫਤਰ ਵਿੱਚ ਆਮ ਲੋਕਾਂ ਨੂੰ ਕੋਈ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਿਆ ਤਾਂ ਇਸ ਲਈ ਸਬੰਧਤ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ ਇਸ ਮੌਕੇ ਉਹਨਾਂ ਦੇ ਨਾਲ ਐਸ ਡੀ ਐਮ ਫਾਜ਼ਿਲਕਾ ਵੀਰਪਾਲ ਕੌਰ ਵੀ ਹਾਜ਼ਰ ਸਨ